Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 253 | Thursday, December 31, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਮੌਡਰਨਾ ਦੀ ਕੋਵਿਡ-19 ਵੈਕਸੀਨ ਦੀਆਂ 50,000 ਡੋਜ਼ਾਂ ਅੱਜ ਪਹੁੰਚ ਸਕਦੀਆਂ ਹਨ ਓਨਟਾਰੀਓ

ਓਨਟਾਰੀਓ, 30 ਦਸੰਬਰ (ਪੋਸਟ ਬਿਊਰੋ) : ਮੌਡਰਨਾ ਦੀ ਕੋਵਿਡ-19 ਵੈਕਸੀਨ ਦੀਆਂ 50,000 ਡੋਜ਼ਾਂ ਅੱਜ ਓਨਟਾਰੀਓ ਪਹੁੰਚਣ ਦੀ ਸੰਭਾਵਨਾ ਹੈ।

ਰਿਟਾਇਰਡ ਜਨਰਲ ਰਿੱਕ ਹਿਲੀਅਰ, ਜੋ ਕਿ ਪ੍ਰੋਵਿੰਸ ਦੇ ਕੋਵਿਡ-19 ਵੈਕਸੀਨੇਸ਼ਨ ਪ੍ਰੋਗਰਾਮ ਦੀ ਅਗਵਾਈ ਕਰ ਰਹੇ ਹਨ, ਦਾ ਕਹਿਣਾ ਹੈ ਕਿ ਇਹ ਵੈਕਸੀਨ ਲਾਂਗ ਟਰਮ ਕੇਅਰ ਤੇ ਰਿਟਾਇਰਮੈਂਟ ਹੋਮਜ਼ ਵਿੱਚ ਸੱਭ ਤੋਂ ਪਹਿਲਾਂ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਵੈਕਸੀਨ ਡਲਿਵਰ ਹੋਣ ਤੋਂ ਕੁੱਝ ਦੇਰ ਬਾਅਦ ਹੀ ਇਮਿਊਨਾਈਜ਼ੇਸ਼ਨ ਵੀ ਸ਼ੁਰੂ ਹੋ ਜਾਵੇਗੀ। ਹਿਲੀਅਰ ਨੇ ਆਖਿਆ ਕਿ




ਅੱਧੀ ਤੋਂ ਵੱਧ , ਲੱਗਭਗ 8•5 ਮਿਲੀਅਨ,ਓਨਟਾਰੀਓ ਵਾਸੀਆਂ ਨੂੰ ਜੁਲਾਈ ਦੇ ਅੰਤ ਤੱਕ ਵੈਕਸੀਨ ਹਾਸਲ ਹੋ ਜਾਣੀ ਚਾਹੀਦੀ ਹੈ।

ਇਸ ਤੋਂ ਪਹਿਲਾਂ ਇੱਕ ਹੋਰ ਵੈਕਸੀਨ ਫਾਈਜ਼ਰ ਦੀ ਬਾਇਓਐਨਟੇਕ ਹੈਲਥ ਕੇਅਰ ਵਰਕਰਜ਼ ਨੂੰ ਦਿੱਤੀ ਜਾ ਰਹੀ ਹੈ। ਪਰ ਇਸ ਦੀ ਸਟੋਰੇਜ ਨੂੰ ਲੈ ਕੇ ਸਮੱਸਿਆ ਹੈ। ਓਨਟਾਰੀਓ ਦੇ ਐਸੋਸਿਏਟ ਚੀਫ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਅੱਜ ਦੁਪਹਿਰੇ ਕੀਤੀ ਜਾਣ ਵਾਲੀ ਨਿਊਜ਼ ਕਾਨਫਰੰਸ ਵਿੱਚ ਵੈਕਸੀਨ ਦੀ ਵੰਡ ਨੂੰ ਲੈ ਕੇ ਪ੍ਰੋਵਿੰਸ ਦੀ ਤਿਆਰੀ ਬਾਰਸ ਜਾਣਕਾਰੀ ਦਿੱਤੇ ਜਾਣ ਦੀ ਸੰਭਾਵਨਾ ਹੈ।

## ਛੁੱਟੀਆਂ 'ਤੇ ਜਾਣ ਦਾ ਪਤਾ ਲੱਗਦੇ ਸਾਰ ਵਿੱਤ ਮੰਤਰੀ ਨੂੰ ਵਾਪਿਸ ਨਾ ਸੱਦਣ ਦਾ ਫੋਰਡ ਨੂੰ ਪਛਤਾਵਾ

ਟੋਰਾਂਟੋ, 30 ਦਸੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਜਦੋਂ ਉਨ੍ਹਾਂ ਨੂੰ ਵਿੱਤ ਮੰਤਰੀ ਰੌਡ ਫਿਲਿਪਸ ਦੇ ਛੁੱਟੀਆਂ ਉੱਤੇ ਵਿਦੇਸ਼ ਜਾਣ ਦਾ ਪਤਾ ਲੱਗਿਆ ਸੀ ਤਾਂ ਉਨ੍ਹਾਂ ਨੂੰ ਮੰਤਰੀ ਨੂੰ ਵਾਪਿਸ ਓਨਟਾਰੀਓ ਸੱਦ ਲੈਣਾ ਚਾਹੀਦਾ ਸੀ।




ਫੋਰਡ ਨੇ ਇਹ ਟਿੱਪਣੀ ਬੁੱਧਵਾਰ ਦੁਪਹਿਰੇ ਟ੍ਰਿਲੀਅਮ ਹੈਲਥ ਦਾ ਦੌਰਾ ਕਰਨ ਸਮੇਂ ਕੀਤੀ। ਇੱਥੇ ਹੈਲਥ ਅਧਿਕਾਰੀ ਨਵੀਂ ਆਈ ਮੌਡਰਨਾ ਕੋਵਿਡ-19 ਵੈਕਸੀਨ ਪੀਲ ਪਬਲਿਕ ਹੈਲਥ ਨੂੰ ਵੰਡਣ ਦੀ ਤਿਆਰੀ ਕਰ ਰਹੇ ਸਨ। ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਫਿਲਿਪਸ ਟਰੈਵਲ ਕਰਨ ਦੀ ਤਿਆਰੀ ਕਰ ਰਹੇ ਹਨ ਪਰ ਉਨ੍ਹਾਂ ਆਖਿਆ ਕਿ ਜਦੋਂ ਦੋ ਹਫਤੇ ਪਹਿਲਾਂ ਉਨ੍ਹਾਂ ਨੂੰ ਇਸ ਟਰਿੱਪ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਨੂੰ ਫਿਲਿਪਸ ਨੂੰ ਘਰ ਪਰਤਣ ਲਈ ਆਖ ਦੇਣਾ ਚਾਹੀਦਾ ਸੀ।

ਫੋਰਡ ਨੇ ਆਖਿਆ ਕਿ ਉਹ ਇਸ ਦੀ ਪੂਰੀ ਜ਼ਿੰਮੇਵਾਰੀ ਲੈਂਦੇ ਹਨ। ਉਨ੍ਹਾਂ ਆਖਿਆ ਕਿ ਫਿਲਿਪਸ ਨੂੰ ਉਨ੍ਹਾਂ ਨੂੰ ਫੌਰਨ ਵਾਪਿਸ ਆਉਣ ਲਈ ਆਖ ਦੇਣਾ ਚਾਹੀਦਾ ਸੀ। ਪ੍ਰੀਮੀਅਰ ਨੇ ਆਖਿਆ ਕਿ ਉਹ ਬਹੁਤ ਪਰੇਸ਼ਾਨ ਹਨ ਤੇ ਉਨ੍ਹਾਂ ਨੂੰ ਗੁੱਸਾ ਵੀ ਆ ਰਿਹਾ ਹੈ ਕਿਉਂਕਿ ਪਬਲਿਕ ਹੈਲਥ ਅਧਿਕਾਰੀ ਲੰਮੇਂ ਸਮੇਂ ਤੋਂ ਕੈਨੇਡੀਅਨਾਂ ਨੂੰ ਗੈਰ ਜ਼ਰੂਰੀ ਸਫਰ ਨਾ ਕਰਨ ਲਈ ਆਖਦੇ ਰਹੇ ਹਨ। ਦੂਜੇ ਪਾਸੇ ਮੰਗਲਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਫਿਲਿਪਸ ਨੇ ਆਖਿਆ ਕਿ ਉਹ ਵਿਧਾਨ ਸਭਾ ਦੀ ਕਾਰਵਾਈ ਖਤਮ ਹੋਣ ਤੋਂ ਬਾਅਦ 13 ਦਸੰਬਰ ਨੂੰ ਟਰਿੱਪ ਉੱਤੇ ਸੇਂਟ ਬਾਰਟਸ ਚਲੇ ਗਏ ਸਨ। ਉਨ੍ਹਾਂ ਇਹ ਵੀ ਆਖਿਆ ਕਿ ਟਰੈਵਲ ਕਰਦੇ ਸਮੇਂ ਉਹ ਇਹ ਨਹੀਂ ਸੀ ਜਾਣਦੇ ਕਿ ਬਾਕਸਿੰਗ ਡੇਅ ਵਾਲੇ ਦਿਨ ਪ੍ਰੋਵਿੰਸ ਲਾਕਡਾਊਨ ਵਿੱਚ ਚਲੀ ਜਾਵੇਗੀ। ਉਨ੍ਹਾਂ ਇਸ ਸਬੰਧ ਵਿੱਚ ਆਪਣੀ ਗਲਤੀ ਮੰਨਦਿਆਂ ਮੁਆਫੀ ਵੀ ਮੰਗੀ।

## ਯੂਕੇ ਨੇ ਦੂਜੀ ਕੋਵਿਡ-19 ਵੈਕਸੀਨ ਨੂੰ ਦਿੱਤੀ ਹਰੀ ਝੰਡੀ

ਲੰਡਨ, 30 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਬ੍ਰਿਟੇਨ ਅਜਿਹਾ ਪਹਿਲਾ ਦੇਸ਼ ਬਣ ਗਿਆ ਹੈ ਜਿਸ ਨੇ ਸੌਖੇ ਢੰਗ ਨਾਲ ਸਾਂਭੀ ਜਾ ਸਕਣ ਵਾਲੀ ਕੋਵਿਡ-19 ਵੈਕਸੀਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਦਵਾਈ ਦੇ ਨਿਰਮਾਤਾਵਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਇਹ ਆਸ ਬੱਝ ਗਈ ਹੈ ਕਿ ਇਹ ਵੈਕਸੀਨ ਦੁਨੀਆ ਭਰ ਲਈ ਕਿਫਾਇਤੀ ਸਿੱਧ ਹੋਵੇਗੀ। ਇਸ ਵੈਕਸੀਨ ਨੂੰ ਮਨਜ਼ੂਰੀ ਦਿੱਤੇ ਜਾਣ ਤੇ ਪਾਲਿਸੀ ਵਿੱਚ ਤਬਦੀਲੀ ਨਾਲ ਯੂਕੇ ਵਿੱਚ ਵੈਕਸੀਨ ਤੇਜ਼ੀ ਨਾਲ ਦੇਸ਼ ਭਰ ਵਿੱਚ ਵੰਡੀ ਜਾ ਸਕੇਗੀ ਤੇ ਕੋਵਿਡ-19 ਦੇ ਮਾਮਲਿਆਂ ਨੂੰ ਠੱਲ੍ਹ ਪੈ ਸਕੇਗੀ।




ਸਿਹਤ ਵਿਭਾਗ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਮੈਡੀਸਿਨਜ਼ ਐਂਡ ਹੈਲਥਕੇਅਰ ਪ੍ਰੋਡਕਟਸ ਰੈਗੂਲੇਟਰੀ ਏਜੰਸੀ ਦੀਆਂ ਸਿਫਾਰਿਸ਼ਾਂ ਨੂੰ ਸਵੀਕਾਰ ਕਰ ਲਿਆ ਗਿਆ ਹੈ। ਏਜੰਸੀ ਵੱਲੋਂ ਆਕਸਫੋਰਡ ਯੂਨੀਵਰਸਿਟੀ ਤੇ ਯੂਕੇ ਸਥਿਤ ਦਵਾਈਆਂ ਤਿਆਰ ਕਰਨ ਵਾਲੀ ਕੰਪਨੀ ਐਸਟ੍ਰਾਜ਼ੈਨੇਕਾ ਵੱਲੋਂ ਤਿਆਰ ਵੈਕਸੀਨ ਦੀ ਐਮਰਜੰਸੀ ਵਰਤੋਂ ਦੀ ਇਜਾਜ਼ਤ ਦੇਣ ਦੀ ਸਿਫਾਰਿਸ਼ ਕੀਤੀ ਗਈ ਸੀ।

ਬ੍ਰਿਟੇਨ ਦੇ ਸਿਹਤ ਮੰਤਰੀ ਮੈਟ ਹੈਨਕੌਕ ਨੇ ਦੱਸਿਆ ਕਿ ਇਸ ਵੈਕਸੀਨ ਦੀ ਵੰਡ ਦਾ ਕੰਮ 4 ਜਨਵਰੀ ਨੂੰ ਸ਼ੁਰੂ ਹੋ ਜਾਵੇਗਾ ਤੇ ਅਗਲੇ ਸਾਲ ਦੇ ਪਹਿਲੇ ਕੁੱਝ ਹਫਤਿਆਂ ਵਿੱਚ ਹੀ ਇਸ ਦੀ ਵੰਡ ਦਾ ਕੰਮ ਤੇਜੀ ਨਾਲ ਪੂਰਾ ਹੋ ਜਾਵੇਗਾ। ਬ੍ਰਿਟੇਨ ਨੇ ਇਸ ਵੈਕਸੀਨ ਦੀਆਂ 100 ਮਿਲੀਅਨ ਡੋਜ਼ਾਂ ਖਰੀਦ ਲਈਆਂ ਹਨ।

ਐਸਟ੍ਰਾਜ਼ੈਨੇਕਾ ਦੇ ਚੀਫ ਐਗਜ਼ੈਕਟਿਵ ਪਾਸਕਲ ਸੌਰੀਓਤ ਨੇ ਦੱਸਿਆ ਕਿ ਕੰਪਨੀ ਵੈਕਸੀਨ ਦੀ ਪਹਿਲੀ ਡੋਜ਼ ਬੁੱਧਵਾਰ ਜਾਂ ਵੀਰਵਾਰ ਨੂੰ ਸ਼ਿੱਪ ਕਰਨੀ ਸ਼ੁਰੂ ਕਰ ਸਕਦੀ ਹੈ ਤੇ ਵੈਕਸੀਨੇਸ਼ਨ ਦਾ ਕੰਮ ਅਗਲੇ ਹਫਤੇ ਤੋਂ ਸ਼ੁਰੂ ਹੋ ਜਾਵੇਗਾ। ਅਸੀਂ ਇੱਕ ਹਫਤੇ ਦੇ ਅੰਦਰ ਹੀ ਇੱਕ ਮਿਲੀਅਨ ਦਾ ਅੰਕੜਾ ਪਾਰ ਕਰ ਲਵਾਂਗੇ। ਯੂਕੇ ਵਿੱਚ ਸੈਂਕੜੇ ਲੋਕਾਂ ਨੂੰ ਪਹਿਲਾਂ ਹੀ ਅਮਰੀਕਾ ਦੀ ਡਰੱਗ ਨਿਰਮਾਤਾ ਕੰਪਨੀ ਫਾਈਜ਼ਰ ਤੇ ਜਰਮਨੀ ਦੀ ਫਰਮ ਬਾਇਓਐਨਟੈਕ ਵੱਲੋਂ ਤਿਆਰ ਵੱਖਰੀ ਵੈਕਸੀਨ ਮਿਲ ਚੁੱਕੀ ਹੈ।

ਸੌਰੀਓਤ ਨੇ ਆਖਿਆ ਕਿ ਯੂਕੇ ਦੇ ਕਈ ਮਿਲੀਅਨ ਲੋਕਾਂ ਲਈ ਇਹ ਬਹੁਤ ਹੀ ਅਹਿਮ ਖਬਰ ਹੈ ਕਿਉਂਕਿ ਇਨ੍ਹਾਂ ਤੱਕ ਵੀ ਜਲਦ ਹੀ ਇਹ ਵੈਕਸੀਨ ਪਹੁੰਚ ਜਾਵੇਗੀ। ਉਨ੍ਹਾਂ ਆਖਿਆ ਕਿ ਇਹ ਵੈਕਸੀਨ ਕਾਫੀ ਅਸਰਦਾਰ, ਸਹਿਨ ਕਰਨ ਯੋਗ ਤੇ ਸਧਾਰਨ ਢੰਗ ਨਾਲ ਵਰਤੋਂ ਵਿੱਚ ਲਿਆਂਦੀ ਜਾਣ ਵਾਲੀ ਵੈਕਸੀਨ ਹੈ ਤੇ ਐਸਟ੍ਰਾਜ਼ੈਨੇਕਾ ਵੱਲੋਂ ਇਸ ਨੂੰ ਬਿਨਾਂ ਕਿਸੇ ਮੁਨਾਫੇ ਦੇ ਸਪਲਾਈ ਕੀਤਾ ਜਾਵੇਗਾ।

## ਕੈਨੇਡਾ ਆਉਣ ਵਾਲੇ ਟਰੈਵਲਰਜ਼ ਨੂੰ ਪੇਸ਼ ਕਰਨੇ ਹੋਣਗੇ ਨੈਗੇਟਿਵ ਕੋਵਿਡ-19 ਟੈਸਟ ਦੇ ਸਬੂਤ : ਲੀਬਲੈਂਕ

ਓਟਵਾ, 30 ਦਸੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਅਜਿਹੀ ਯੋਜਨਾ ਬਣਾ ਰਹੀ ਹੈ ਕਿ ਕੈਨੇਡਾ ਲੈਂਡ ਕਰਨ ਤੋਂ ਪਹਿਲਾਂ ਸਾਰੇ ਟਰੈਵਲਰਜ਼ ਆਪਣੇ ਕੋਵਿਡ-19 ਨੈਗੇਟਿਵ ਹੋਣ ਦਾ ਸਬੂਤ ਪੇਸ਼ ਕਰ ਸਕਣ।



ਇੰਟਰਗਵਰਮੈਂਟਲ ਅਫੇਅਰਜ਼ ਮਨਿਸਟਰ ਡੌਮੀਨਿਕ ਲੀਬਲੈਂਕ ਨੇ ਆਖਿਆ ਕਿ ਕੈਬਨਿਟ ਮੰਤਰੀਆਂ ਵੱਲੋਂ ਅੱਜ ਸਵੇਰੇ ਇਹ ਫੈਸਲਾ ਲਿਆ ਗਿਆ ਹੈ ਕਿ ਇਸ ਨਵੇਂ ਫੈਸਲੇ ਨੂੰ ਤੇਜ਼ੀ ਨਾਲ ਅਮਲੀ ਜਾਮਾ ਪਹਿਨਾਇਆ ਜਾਵੇ। ਕੈਨੇਡਾ ਵਿੱਚ ਦਾਖਲ ਹੋਣ ਵਾਲੀਆਂ ਉਡਾਨਾਂ ਦੇ ਸਾਰੇ ਯਾਤਰੀਆਂ ਨੂੰ ਇੱਥੇ ਪਹੁੰਚਣ ਤੋਂ ਤਿੰਨ ਦਿਨ ਪਹਿਲਾਂ ਕੀਤੇ ਆਪਣੇ ਪੀ ਸੀ ਆਰ ਟੈਸਟ ਦੇ ਨੈਗੇਟਿਵ ਹੋਣ ਦੇ ਸਬੂਤ ਪੇਸ਼ ਕਰਨੇ ਹੋਣਗੇ।

ਲੀਬਲੈਂਕ ਨੇ ਇਹ ਨਹੀਂ ਦੱਸਿਆ ਕਿ ਇਹ ਫੈਸਲਾ ਕਦੋਂ ਤੋਂ ਲਾਗੂ ਹੋਵੇਗਾ। ਫੈਡਰਲ ਸਰਕਾਰ ਵੱਲੋਂ ਲਾਈਆਂ ਗਈਆਂ ਟਰੈਵਲ ਸਬੰਧੀ ਪਾਬੰਦੀਆਂ ਤੇ ਕੁਆਰਨਟੀਨ ਕੀਤੇ ਜਾਣ ਦੇ ਨਿਯਮ ਕਾਫੀ ਢਿੱਲੇ ਹੋਣ ਕਾਰਨ ਸਰਕਾਰ ਨੂੰ ਚਾਰੇ ਪਾਸੇ ਤੋਂ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤੇ ਇਹ ਨਵੀਂ ਸਖ਼ਤੀ ਇਸ ਸਬੰਧ ਵਿੱਚ ਹੀ ਕੀਤੀ ਜਾ ਰਹੀ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6
Axael Insurance Brokers Ltd.

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit | LMIA / Work permit | Permanent Residency | Family Sponsorship | Nanny | Visitor Visa | Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma | Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 | 204 295 4449
World Gateway Immigration Company since 2010
Get PERMANENT RESIDENCY | If You are on Work Permit/Visitor in Canada
ZORA KAINTH
Toronto: 149-2960 Drew Road, Mississauga Winnipeg: 678 McphillipsStreet, Winnipeg

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca | ksgpestcontrol@gmail.com
Amarjeet Singh Gill

Canada Consumer Credit Assistance | ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Toll Free: 1833 823 5439 | 647 783 0049

Royal Pest Control
Residential | Commercial | Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL
416 938 4598

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment | Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished | Legal Basement | Painting & Flooring
ਵਾਜ਼ਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance | Walkie pallet | Electric Motor | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਕੇਂਦਰ ਅਤੇ ਕਿਸਾਨ ਆਗੂਆਂ ਵਿਚਾਲੇ ਬੈਠਕ ਵਿੱਚ ਕੁਝ ਕੁ ਸਹਿਮਤੀ, ਅਗਲੀ ਮੀਟਿੰਗ 4 ਜਨਵਰੀ ਨੂੰ

*** ਖੇਤੀ ਮੰਤਰੀ ਵੱਲੋਂ ਚਾਰ ਵਿੱਚੋਂ ਦੋ ਮੁੱਦਿਆਂ ਉੱਤੇ ਸਹਿਮਤੀ ਦਾ ਦਾਅਵਾ * ਤਿੰਨ ਬਿੱਲਾਂ ਅਤੇ ਐੱਮ ਐੱਸ ਪੀ ਬਾਰੇ ਅੜਿੱਕਾ ਹਾਲੇ ਵੀ ਕਾਇਮ**





ਨਵੀਂ ਦਿੱਲੀ, 30 ਦਸੰਬਰ, (ਪੋਸਟ ਬਿਊਰੋ)- ਭਾਰਤ ਦੇ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਅਤੇ ਹੋਰ ਮੰਗਾਂ ਲਈ ਕੇਂਦਰ ਦੀ ਸਰਕਾਰ ਤੇ ਕਿਸਾਨਾਂ ਵਿਚਾਲੇ 6ਵੇਂ ਦੌਰ ਦੀ ਗੱਲਬਾਤਅੱਜਸੁਖਾਵੇਂ ਪ੍ਰਭਾਵ ਨਾਲ ਖਤਮ ਹੋਈ ਹੈ। ਇਸ ਬੈਠਕ ਵਿੱਚ- ਸਰਕਾਰ ਵੱਲੋਂ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ, ਰੇਲਵੇ ਮੰਤਰੀ ਪਿਊਸ਼ ਗੋਇਲ ਅਤੇ ਵਪਾਰ ਰਾਜ ਮੰਤਰੀ ਸੋਮ ਪ੍ਰਕਾਸ਼ ਸ਼ਾਮਲ ਸਨ। ਏਥੇ ਵਿਗਿਆਨ ਭਵਨ ਵਿੱਚ 40 ਕਿਸਾਨ ਜਥੇਬੰਦੀਆਂ ਨਾਲ ਹੋਈ ਗੱਲਬਾਤ ਮੌਕੇ ਕਿਸਾਨ ਆਗੂਆਂ ਨੇਜਿਹੜੀਆਂ ਮੰਗਾਂ ਪੇਸ਼ ਕੀਤੀਆਂ, ਉਨ੍ਹਾਂ ਵਿੱਚੋਂ ਦੋ ਉੱਤੇ ਸਹਿਮਤੀ ਹੋਣ ਦੇ ਬਾਅਦ ਅਗਲੀ ਮੀਟਿੰਗ 4 ਜਨਵਰੀ ਵਾਲੇ ਦਿਨ ਕਰਨ ਦਾ ਫੈਸਲਾ ਹੋ ਗਿਆ ਹੈ ਅਤੇ ਦੋਵੇਂ ਧਿਰਾਂ ਮੀਟਿੰਗ ਬਾਰੇ ਚੰਗਾ ਪ੍ਰਭਾਵ ਦੇ ਰਹੀਆਂ ਹਨ।

ਦੱਸਿਆ ਗਿਆ ਹੈ ਕਿ ਕੇਂਦਰ ਸਰਕਾਰ ਨੇ ਅੱਜ ਦੀ ਮੀਟਿੰਗ ਦੌਰਾਨ ਕਿਸਾਨਾਂ ਦੀਆਂ ਦੋ ਮੰਗਾਂ ਮੰਨ ਲਈਆਂ ਹਨ, ਜਿਨ੍ਹਾਂ ਵਿੱਚ ਬਿਜਲੀ ਸੋਧ ਬਿੱਲ-2020 ਬਾਰੇ ਸਰਕਾਰ ਨੇ ਕਹਿ ਦਿੱਤਾ ਹੈ ਕਿ ਪੇਸ਼ ਨਹੀਂ ਕੀਤਾ ਜਾਵੇਗਾ ਤੇ ਦੂਸਰੀ ਮੰਗ ਪਰਾਲੀ ਸਾੜਨ ਲਈ ਇੱਕ ਕਰੋੜ ਰੁਪਏ ਦੇ ਜੁਰਮਾਨੇ ਬਾਰੇ ਸੀ, ਉਸ ਬਾਰੇ ਵੀ ਸਰਕਾਰ ਝੁਕੀ ਗਈ ਹੈ ਤੇ ਇਸ ਸੰਬੰਧ ਵਿੱਚ ਜਾਰੀ ਹੋਣ ਵਾਲੇ ਆਰਡੀਨੈਂਸ ਵਿੱਚਸੋਧ ਕਰਨਨੂੰ ਸਰਕਾਰ ਤਿਆਰ ਹੈ। ਇਸ ਦੇ ਬਾਅਦ ਖੇਤੀਬਾੜੀ ਦੇ ਜਿਹੜੇ ਤਿੰਨ ਮੁੱਖ ਸਰਕਾਰੀ ਕਾਨੂੰਨਾਂ ਨੂੰ ਰੱਦ ਕਰਨ ਲਈ ਕਿਸਾਨ ਧਰਨਾ ਸ਼ੁਰੂ ਲਾਈ ਬੈਠੇ ਸਨ, ਉਨ੍ਹਾਂ ਦੇ ਸੰਬੰਧ ਵਿੱਚ ਸਰਕਾਰ ਜ਼ਰਾ ਵੀ ਝੁਕਣ ਲਈ ਤਿਆਰ ਨਹੀਂ । ਫਸਲਾਂ ਦੀਘੱਟੋ-ਘੱਟ ਖਰੀਦ ਕੀਮਤ ਐੱਮ ਐੱਸ ਪੀ ਦੀ ਗਾਰੰਟੀ ਦੇਣ ਦੇ ਮੁੱਦੇ ਬਾਰੇ ਸਰਕਾਰ ਲਿਖਤੀ ਗਰੰਟੀ ਦੀ ਗੱਲ ਕਹਿੰਦੀ ਹੈ, ਪਰ ਕਾਨੂੰਨੀ ਰੂਪ ਦੇਣ ਲਈ ਹਾਲੇ ਤੱਕ ਤਿਆਰ ਨਹੀਂ ਹੋਈ।ਇਨ੍ਹਾਂ ਮੰਗਾਂ ਉੱਤੇ ਵਿਚਾਰ ਕਰਨ ਲਈ ਅਗਲੀ ਮੀਟਿੰਗ 4 ਜਨਵਰੀ ਨੂੰ ਹੋਵੇਗੀ। ਜਾਣਕਾਰ ਸੂਤਰਾਂ ਦੇ ਮੁਤਾਬਕ ਸਰਕਾਰ ਐੱਮ ਐੱਸ ਪੀ ਬਾਰੇ ਅਗਲੀ ਵਿਚਾਰ ਕਰਨ ਦੇ ਲਈ ਇੱਕ ਕਮੇਟੀ ਬਣਾਉਣ ਨੂੰ ਤਿਆਰ ਹੋ ਗਈ ਹੈ।

ਸਾਂਝੀ ਮੀਟਿੰਗ ਦੇ ਬਾਅਦ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਕਿਸਾਨਾਂ ਨੇ ਚਾਰ ਮੰਗਾਂ ਰੱਖੀਆਂ ਸਨ, ਜਿਨ੍ਹਾਂ ਵਿੱਚੋ ਦੋ ਉੱਤੇ ਸਹਿਮਤੀ ਹੋ ਗਈ ਹੈ। ਉਨ੍ਹਾ ਦਾ ਕਹਿਣਾ ਸੀ ਕਿ ਵਾਤਾਵਰਣ ਬਾਰੇ ਆਰਡੀਨੈਂਸ ਦੇ ਮੁੱਦੇ ਉੱਤੇ ਰਜ਼ਾਮੰਦੀ ਹੋ ਗਈ, ਪਰ ਐੱਮ ਐੱਸ ਪੀ ਨੂੰ ਕਾਨੂੰਨੀ ਰੂਪ ਦੇਣ ਬਾਰੇ ਚਰਚਾ ਅਜੇ ਜਾਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਦਾ ਲਿਖਤੀ ਭਰੋਸਾ ਦੇਣ ਲਈ ਤਿਆਰ ਹੈ ਕਿ ਐੱਮ ਐੱਸ ਪੀ ਜਾਰੀ ਰਹੇਗੀ। ਇਸ ਦੇ ਨਾਲ ਹੀ ਸਰਕਾਰ ਬਿਜਲੀ ਕਾਨੂੰਨ ਬਾਰੇ ਵੀ ਕਿਸਾਨਾਂ ਦੀ ਮੰਗ ਮੰਨ ਗਈ ਹੈ ਕਿ ਇਹ ਲਾਗੂ ਨਹੀਂ ਕੀਤਾ ਜਾਵੇਗਾ।

ਦੂਸਰੇ ਪਾਸੇ ਉੱਤਰ ਪ੍ਰਦੇਸ਼ ਦੇ ਕਿਸਾਨ ਲੀਡਰ ਰਾਕੇਸ਼ ਟਿਕੈਤ ਦਾ ਕਹਿਣਾ ਹੈ ਕਿ ਸਰਕਾਰ ਨੇ ਸਾਡੀਆਂ ਦੋ ਮੰਗਾਂ ਮੰਨ ਲਈਆਂ ਹਨ,ਅੱਜ ਦੀ ਗੱਲਬਾਤ ਚੰਗੀ ਰਹੀ ਤੇ ਅਗਲੀਗੱਲਬਾਤ 4 ਜਨਵਰੀ ਨੂੰ ਹੋਵੇਗੀ, ਉਦੋਂ ਤੱਕ ਸ਼ਾਂਤੀਪੂਰਨ ਢੰਗ ਨਾਲ ਕਿਸਾਨਾਂ ਦਾ ਰੋਸ ਪ੍ਰਦਰਸ਼ਨ ਜਿਵੇਂ ਚੱਲਦਾ ਹੈ, ਏਸੇ ਤਰ੍ਹਾਂ ਚੱਲੇਗਾ। ਕੁਝ ਹੋਰ ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਨੂੰ ਤਿੰਨੇ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨਾ ਚਾਹੀਦਾ ਹੈ, ਅਸੀਂ ਕਾਨੂੰਨ ਵਿੱਚ ਸੋਧ ਕਰਵਾ ਕੇ ਹੀ ਵਾਪਸ ਨਹੀਂ ਚਲੇ ਜਾਣਾ। ਸਰਕਾਰਦੇ ਸੂਤਰਾਂ ਦਾ ਕਹਿਣਾ ਹੈ ਕਿ ਬਾਕੀ ਸਾਰੀਆਂ ਮੰਗਾਂ ਉੱਤੇ ਵਿਚਾਰ ਲਈ ਤਿਆਰ ਹੈ, ਪਰ ਕਿਸਾਨਾਂ ਦੀ ਇਹ ਕਾਨੂੰਨ ਰੱਦ ਕਰਨ ਦੀ ਮੰਗ ਨਹੀਂ ਮੰਨੇਗੀ। ਇਸ ਬਾਰੇ ਸਰਕਾਰ ਦਾ ਉਹੀ ਸਟੈਂਡ ਹੈ ਕਿ ਕਾਨੂੰਨ ਵਾਪਸ ਨਹੀਂ ਲਿਆ ਜਾਵੇਗਾ, ਬਾਕੀ ਤਿੰਨ ਮੁੱਦਿਆਂ ਉੱਤੇ ਵਿਚਾਰ ਕੀਤੀ ਜਾ ਸਕਦੀ ਹੈ। ਵਿਚਾਰ ਵਟਾਂਦਰੇ ਦੌਰਾਨ ਸਰਕਾਰ ਨੇ ਕਿਸਾਨ ਨੇਤਾਵਾਂ ਨੂੰ ਇਹ ਵੀ ਕਿਹਾ ਹੈਕਿ ਤਿੰਨ ਖੇਤੀਬਾੜੀ ਕਾਨੂੰਨਾਂ ਬਾਰੇ ਕਿਸਾਨਾਂ ਦੀਆਂ ਮੰਗਾਂ ਉੱਤੇ ਵਿਚਾਰ ਕਰਨ ਲਈ ਇੱਕ ਕਮੇਟੀ ਬਣਾਈ ਜਾ ਸਕਦੀ ਹੈ, ਪਰ ਉਹ ਸਰਕਾਰ ਦੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹੋ ਸਕੇ।

## ਅੱਜ ਨਾਮਾ

ਮੀਟਿੰਗ ਅੱਜ ਦੀ ਨੇ ਤੋਰੀ ਗੱਲ ਲੱਗਦੀ,
ਸੁਣਿਆ ਗਿਆ ਅੜਿੱਕਾ ਹੈ ਟੁੱਟ ਮੀਆਂ।
ਦੋ ਕਾਨੂੰਨ ਤੇ ਕੇਂਦਰ ਹੈ ਮੰਨ ਗਿਆ ਜੀ,
ਦਿੰਦੇ ਆਂ ਕੂੜੇ ਦੇ ਢੇਰ ’ਤੇ ਸੁੱਟ ਮੀਆਂ।
ਜਿਹੜੇ ਬਾਕੀ ਦੇ ਤਿੰਨ ਆ ਅੜੇ ਰਹਿੰਦੇ,
ਕਰਨੀ ਉਨ੍ਹਾਂ ਕਿਰਸਾਨੀ ਦੀ ਲੁੱਟ ਮੀਆਂ।
ਅਗਲੀ ਬੈਠਕ ਦੀ ਮਿਤੀ ਹੈ ਗਈ ਰੱਖੀ,
ਇਕੱਠੇ ਸਾਰੇ ਕਿਰਸਾਨਾਂ ਦੇ ਗੁੱਟ ਮੀਆਂ।
ਇਹੀ ਤਾਂ ਸਾਂਝ ਹੈ ਆਸ ਦੀ ਕਿਰਨ ਵੱਡੀ,
ਰਹੀ ਜੇ ਬਣੀ ਤਾਂ ਪੂਰੀਆਂ ਪਾਊਗੀ ਇਹ।
ਸਾਲਾਂ-ਬੱਧੀ ਕਿਰਸਾਨੀ ਰਹੀ ਮਾਰ ਖਾਂਦੀ,
ਉਸ ਨੂੰ ਮਰਨ ਤੋਂ ਸਾਂਝ ਬਚਾਊਗੀ ਇਹ।

**ਤੀਸ ਮਾਰ ਖਾਂ**

## ਸੇਂਟ ਲਾਅਰੈਂਸ ਮਾਰਕਿਟ ਦੇ 6 ਮੁਲਾਜ਼ਮ ਆਏ ਕੋਵਿਡ-19 ਪਾਜ਼ੀਟਿਵ



ਟੋਰਾਂਟੋ, 30 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਸੇਂਟ ਲਾਅਰੈਂਸ ਮਾਰਕਿਟ ਵਿੱਚ ਕੰਮ ਕਰਨ ਵਾਲੇ ਛੇ ਮੁਲਾਜ਼ਮਾਂ ਦੇ ਕੋਵਿਡ-19 ਟੈਸਟ ਪਾਜ਼ੀਟਿਵ ਆਏ ਹਨ।

ਸਿਟੀ ਦਾ ਕਹਿਣਾ ਹੈ ਕਿ ਇਨ੍ਹਾਂ ਇੰਪਲੌਈਜ਼ ਨੇ ਆਖਰੀ ਵਾਰੀ 19,21,24 ਦਸੰਬਰ ਨੂੰ ਮਾਰਕਿਟ ਵਿੱਚ ਕੰਮ ਕੀਤਾ ਸੀ। ਸਿਟੀ ਨੇ ਆਖਿਆ ਕਿ ਇਨ੍ਹਾਂ ਮੁਲਾਜ਼ਮਾਂ ਦੇ ਸਾਰੇ ਨੇੜਲੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਇਸ ਸਬੰਧ ਵਿੱਚ ਜਾਣਕਾਰੀ ਦੇ ਦਿੱਤੀ ਗਈ ਹੈ ਤੇ ਹੁਣ ਇਹ ਸੱਭ ਸੈਲਫ ਆਈਸੋਲੇਸ਼ਨ ਵਿੱਚ ਹਨ ਤੇ 14 ਦਿਨਾਂ ਲਈ ਕੋਵਿਡ-19 ਦੇ ਲੱਛਣਾਂ ਦੀ ਨਿਗਰਾਨੀ ਕਰ ਰਹੇ ਹਨ।

ਇੱਕ ਨਿਊਜ਼ ਰਲੀਜ਼ ਵਿੱਚ ਪਬਲਿਕ ਹੈਲਥ ਨੇ ਆਪਣੀਆਂ ਕਾਂਟੈਕਟ ਟਰੇਸਿੰਗ ਕੋਸ਼ਿਸ਼ਾਂ ਬਾਰੇ ਕੁੱਝ ਵੇਰਵੇ ਵੀ ਜਾਰੀ ਕੀਤੇ। ਜਿਹੜੇ ਮੁਲਾਜ਼ਮ ਕੋਵਿਡ-19 ਪਾਜ਼ੀਟਿਵ ਆਏ ਹਨ ਉਨ੍ਹਾਂ ਦੇ ਨਾਂਵਾਂ ਦਾ ਖੁਲਾਸਾ ਪ੍ਰਾਈਵੇਸੀ ਕਾਰਨਾਂ ਕਰਕੇ ਨਹੀਂ ਕੀਤਾ ਗਿਆ। ਸਿਟੀ ਦਾ ਕਹਿਣਾ ਹੈ ਕਿ ਜਨਤਾ ਨੂੰ ਇਨਫੈਕਸ਼ਨ ਹੋਣ ਦਾ ਖਤਰਾ ਕਾਫੀ ਘੱਟ ਹੈ ਕਿਉਂਕਿ ਲੋਕ ਇਨ੍ਹਾਂ ਕਰਮਚਾਰੀਆਂ ਦੇ ਸੰਪਰਕ ਵਿੱਚ ਸਿਰਫ ਦੋ ਮਿੰਟ ਲਈ ਹੀ ਆਏ ਹੋ ਸਕਦੇ ਹਨ। ਮਾਰਕਿਟ ਵਿੱਚ ਕੋਵਿਡ-19 ਪ੍ਰੋਟੈਕਸ਼ਨ ਮਾਪਦੰਡ ਵੀ ਲਾਗੂ ਕੀਤੇ ਗਏ ਹਨ, ਇਨ੍ਹਾਂ ਤਹਿਤ ਸਾਰਿਆਂ ਨੂੰ ਮਾਸਕ ਲਾਉਣਾ ਤੇ ਫਿਜ਼ੀਕਲ ਡਿਸਟੈਂਸਿੰਗ ਬਣਾਈ ਰੱਖਣਾ ਜ਼ਰੂਰੀ ਹੈ।

## ਮਰਿਆ ਬੱਚਾ ਜਨਮਿਆ, ਹਸਪਤਾਲ ਵਿੱਚ ਬਿੱਲੀਆਂ ਨੇ ਅੱਧੀ ਲਾਸ਼ ਖਾ ਲਈ

ਹਾਂਸੀ, 30 ਦਸੰਬਰ (ਪੋਸਟ ਬਿਊਰੋ)- ਹਾਂਸੀ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਮਰੇਹੋਏ ਜਨਮੇ ਬੱਚੇ ਦੀਅੱਧੀ ਤੋਂ ਵੱਧ ਲਾਸ਼ ਨੂੰ ਬਿੱਲੀਆਂ ਨੇ ਖਾ ਲਿਆ। ਲਾਸ਼ ਦਾ ਬਚਿਆ ਹਿੱਸਾ ਪਰਵਾਰ ਨੂੰ ਸੌਂਪਿਆ ਗਿਆ। ਪਰਵਾਰ ਵਾਲੇ ਨਵਜੰਮੇ ਬੱਚੇ ਨੂੰ ਦਫਨਾਉਣ ਲੱਗੇ ਤਾਂ ਅੱਧੀ ਲਾਸ਼ ਦੇਖ ਕੇ ਉਨ੍ਹਾ ਨੇ ਪੁਲਸ ਨੂੰ ਸ਼ਿਕਾਇਤ ਕਰਕੇ ਹਸਪਤਾਲ ਦੇ ਇੱਕ ਡਾਕਟਰ ਅਤੇ ਸਟਾਫ 'ਤੇ ਲਾਪਰਵਾਹੀ ਦਾ ਦੋਸ਼ ਲਾਇਆ। ਪੁਲਸ ਨੇ ਕੇਸ ਦਰਜ ਕਰਕੇ ਬੱਚੇ ਦੀ ਲਾਸ਼ ਅਗਰੋਹਾ ਮੈਡੀਕਲ ਕਾਲਜ ਵਿੱਚ ਪੋਸਟਮਾਰਟਮ ਦੇ ਲਈ ਭੇਜ ਦਿੱਤੀ ਹੈ। ਢਾਣੀ ਚਦਰਪੁਲ ਦਾ ਦੀਪਕ ਆਪਣੀ ਅੱਠ ਮਹੀਨੇ ਦੀ ਗਰਭਵਤੀ ਪਤਨੀ ਰੇਣੂ ਦੀ ਜਾਂਚ ਕਰਾਉਣ ਲਈ ਗਰਗ ਹਸਪਤਾਲ ਲੈ ਕੇ ਗਿਆ ਸੀ। ਡਾਕਟਰਾਂ ਨੇ ਬੱਚੇ ਦੀ ਧੜਕਣ ਘੱਟ ਚੱਲਣ ਦੀ ਗੱਲ ਕਹਿ ਕੇ ਡਿਲੀਵਰੀ ਕਰਾਉਣ ਲਈ ਕਿਹਾ। ਰਾਤ ਨੂੰ ਨਾਰਮਲ ਡਿਲੀਵਰੀ ਹੋਈ, ਪਰ ਬੱਚਾ ਮਰਿਆ ਪੈਦਾ ਹੋਇਆ। ਪਰਵਾਰ ਨੂੰ ਬੱਚਾ ਦਿਖਾ ਕੇ ਬੱਚੇ ਦੀ ਫੋਟੋ ਖਿੱਚੀ ਗਈ ਤੇ ਰਾਤ ਬੱਚੇ ਦੀ ਲਾਸ਼ ਹਸਪਤਾਲ ਵਾਲਿਆਂ ਨੇ ਰੱਖੀ। ਸਵੇਰੇ ਬੱਚੇ ਨੂੰ ਦਫਨਾਉਣ ਗਏ ਤਾਂ ਦੇਖਿਆ ਕਿ ਲਾਸ਼ ਦਾ ਹੇਠਲਾ ਹਿੱਸਾ ਨਹੀਂ ਹੈ। ਪੁੱਛਗਿੱਛ ਵਿੱਚ ਸਟਾਫ ਨੇ ਬਿੱਲੀਆਂ ਦੁਆਰਾ ਬੱਚੇ ਦੀ ਲਾਸ਼ ਨੂੰ ਖਾਣ ਦੀ ਗੱਲ ਮੰਨੀ ਹੈ।

## ਇੰਟਰਨੈਸ਼ਨਲ ਫਲਾਈਟਾਂ ਦੇ ਲਈ ਪਾਬੰਦੀ ਭਾਰਤ ਸਰਕਾਰ ਨੇ 31 ਜਨਵਰੀ ਤੱਕ ਵਧਾਈ



ਨਵੀਂ ਦਿੱਲੀ, 30 ਦਸੰਬਰ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਬੀਮਾਰੀ ਦੇ ਵਧਣ ਦੀਆਂ ਖਬਰਾਂ ਦੇ ਦੌਰਾਨ ਭਾਰਤ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ (ਡੀ ਜੀ ਸੀ ਏ) ਨੇ ਅੱਜ ਬੁੱਧਵਾਰ ਨੂੰ ਇੰਟਰਨੈਸ਼ਨਲ ਉਡਾਣਾਂ ਉੱਤੇ ਲਾਈ ਰੋਕ 31 ਜਨਵਰੀ 2021 ਤੱਕ ਵਧਾ ਦਿੱਤੀ ਹੈ। ਇਹ 31 ਦਸੰਬਰ ਨੂੰ ਖਤਮ ਹੋਣ ਵਾਲੀ ਸੀ।

ਡੀ ਜੀ ਸੀ ਏ ਨੇ ਕਿਹਾ ਕਿ ਇੰਟਰਨੈਸ਼ਨਲ ਉਡਾਣਾਂ ਉੱਤੇ ਲਾਈ ਰੋਕ ਕਾਰਗੋ ਅਤੇ ਵਿਸ਼ੇਸ਼ ਤੌਰ ਉੱਤੇਸਰਕਾਰ ਵੱਲੋਂ ਮਨਜ਼ੂਰ ਉਡਾਣਾਂ ਉੱਤੇ ਲਾਗੂ ਨਹੀਂ ਹੋਵੇਗੀ। ਇਸ ਤੋਂ ਪਹਿਲਾਂ ਬ੍ਰਿਟੇਨ ਵਿੱਚ ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਦਾ ਪਤਾ ਲੱਗਣ ਪਿੱਛੋਂ ਭਾਰਤ ਸਰਕਾਰ ਨੇ ਸਾਰੀਆਂ ਯਾਤਰੀ ਉਡਾਣਾਂ ਉੱਤੇ7 ਜਨਵਰੀ ਤੱਕ ਰੋਕ ਲਾ ਦਿੱਤੀਸੀ। ਵਰਨਣ ਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਕੁਝ ਉਡਾਣਾਂ‘ਵੰਦੇ ਭਾਰਤ ਮਿਸ਼ਨ’ ਅਤੇ ਵਿਸ਼ੇਸ਼ ਦੋਵੱਲੇ ਸਮਝੌਤੇ ਦੇ ਅਧੀਨ ਇਸ ਵਕਤ ਚੱਲ ਰਹੀਆਂ ਹਨ ਅਤੇ ਇਸ ਤਰ੍ਹਾਂ ਦੇ ਏਅਰ ਬੱਬਲ ਸਮਝੌਤ ਇਕ ਦਰਜਨ ਤੋਂ ਵੱਧ ਦੇਸ਼ਾਂ ਨਾਲ ਕੀਤੇ ਗਏ ਹਨ, ਜਿਨ੍ਹਾਂ ਵਿੱਚ ਅਮਰੀਕਾ, ਬ੍ਰਿਟੇਨ, ਫਰਾਂਸ, ਬੰਗਲਾਦੇਸ਼, ਜਰਮਨੀ, ਮਾਲਦੀਵ, ਇਥੋਪੀਆ, ਓਮਾਨ, ਨੀਦਰਲੈਂਡ ਤੇ ਕਤਰ ਸਮੇਤ ਕਈ ਦੇਸ਼ ਸ਼ਾਮਲ ਹਨ। ਇਸ ਦੋਵੱਲੇਏਅਰ ਬੱਬਲਸਮਝੌਤੇ ਹੇਠ ਐੱਨ ਆਰ ਆਈ ਅਤੇ ਵਿਦਿਆਰਥੀ, ਜਿਨ੍ਹਾਂ ਕੋਲ ਲੰਮੇ ਸਮੇਂ ਦਾ ਵੀਜ਼ਾ ਹੈ, ਯਾਤਰਾ ਕਰ ਸਕਦੇ ਹਨ। ਕੋਰੋਨਾ ਵਾਇਰਸ ਦੀਲਾਗਦੇ ਕਾਰਨ ਇਨ੍ਹਾਂ ਦੇਸ਼ਾਂ ਵੱਲੋਂ ਵੀ ਸਿਰਫ ਜ਼ਰੂਰੀ ਯਾਤਰਾ ਨੂੰ ਹੀ ਮਨਜ਼ੂਰੀਦਿੱਤੀ ਜਾਂਦੀ ਹੈ, ਜਿਸ ਕਾਰਨ ਉਡਾਣਾਂ ਸੀਮਤ ਹਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
☑ AZ Tractor trailer program
☑ Manual transmission & backup training everyday
☑ We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

ਕਿਸਾਨਾਂ ਦੇ ਅੰਦੋਲਨ ਦੀ ਮਾਰ

# ਭਾਜਪਾ ਨੂੰ ਹਰਿਆਣਾ ਦੀਆਂ ਮਿਊਂਸਪਲ ਚੋਣਾਂ ਵਿਚ ਕਈ ਥਾਂ ਹਾਰ ਦਾ ਸਾਹਮਣਾ ਕਰਨਾ ਪਿਆ

ਚੰਡੀਗੜ੍ਹ, 30 ਦਸੰਬਰ, (ਪੋਸਟ ਬਿਊਰੋ)- ਖੇਤੀਬਾੜੀ ਕਾਨੂੰਨਾਂ ਬਾਰੇ ਭਾਰਤ ਦੀ ਭਾਜਪਾ ਸਰਕਾਰ ਦੇ ਰੁਖ ਕਾਰਨ ਇੱਕਮਹੀਨੇ ਤੋਂ ਵੱਧ ਸਮੇਂ ਤੋਂ ਦਿੱਲੀ ਦੀਆਂ ਸਰਹੱਦਾਂਉੱਤੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਦੇ ਦੌਰਾਨ ਹਰਿਆਣਾ ਦੀ ਸਰਕਾਰ ਚਲਾ ਰਹੇ ਭਾਰਤੀ ਜਨਤਾ ਪਾਰਟੀ ਤੇ ਜਨਨਾਇਕ ਜਨਤਾ ਪਾਰਟੀ (ਭਾਜਪਾ-ਜੇਜੇਪੀ) ਗੱਠਜੋੜ ਨੂੰ ਇਸ ਰਾਜ ਦੀਆਂ ਸ਼ਹਿਰੀ ਚੋਣਾਂ ਦੇ ਨਤੀਜਿਆਂਵਿੱਚ ਅੱਜਵੱਡਾ ਝਟਕਾ ਲੱਗਾ ਤੇ ਇਹ ਗੱਠਜੋੜ ਸੋਨੀਪਤ ਤੇ ਅੰਬਾਲਾ ਵਿੱਚ ਮੇਅਰ ਦੇ ਅਹੁਦਿਆਂ ਦੀ ਚੋਣ ਹਾਰ ਗਿਆ ਹੈ। ਹਰਿਆਣਾ ਵਿਧਾਨ ਸਭਾ ਦੀਆਂ ਪਿੱਛੋਂ ਇੱਕ ਸਾਲ ਤੋਂ ਚੱਲ ਰਹੀ ਇਸ ਗੱਠਜੋੜ ਦੀ ਸਰਕਾਰਨੇ ਇਹ ਚੋਣ ਆਪਣੇ ਮਾਣ ਦੀ ਲੜਾਈ ਕਹਿ ਕੇ ਲੜੀ ਸੀ, ਪਰ ਜਿੱਤ ਨਹੀਂ ਸਕੀ।

ਸ਼ਹਿਰੀ ਚੋਣਾਂ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਲਈ ਨਮੋਸ਼ੀ ਦੀ ਗੱਲ ਇਹ ਬਣ ਗਈ ਕਿ ਦਿੱਲੀ ਵਾਲੇ ਕਿਸਾਨ ਧਰਨੇ ਤੋਂ ਕੁਝ ਦੂਰ ਪੈਂਦੇ ਸੋਨੀਪਤ ਸ਼ਹਿਰ ਵਿੱਚ ਭਾਜਪਾ ਬੁਰੀ ਤਰ੍ਹਾਂ ਹਾਰ ਗਈ ਤੇ ਓਥੇ ਕਾਂਗਰਸ ਪਾਰਟੀ ਦਾ ਮੇਅਰ ਚੁਣਿਆ ਗਿਆ ਹੈ। ਇਸ ਸਰਕਾਰ ਦੇ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਦੀ ਜਨਨਾਇਕ ਜਨਤਾ ਪਾਰਟੀ ਵੀ ਆਪਣੇ ਗੜ੍ਹ ਮੰਨੇ ਜਾਂਦੇ ਹਿਸਾਰ ਨੇੜਲੇ ਉਕਲਾਣਾ ਵਿਚ ਤੇ ਰੇਵਾੜੀ ਦੇ ਧਾਰੂਹੇੜਾ ਵਿਚ ਹਾਰ ਗਈ ਅਤੇ ਉਸ ਦੇ ਵਿਰੋਧੀਆਂ ਦੀ ਹਮਾਇਤ ਵਾਲੇ ਉਮੀਦਵਾਰ ਜਿੱਤ ਗਏ ਹਨ। ਅੱਜ ਐਤਵਾਰ ਅੰਬਾਲਾ, ਪੰਚਕੂਲਾ, ਸੋਨੀਪਤ, ਰੇਵਾੜੀ ਜ਼ਿਲੇ ਦੇ ਧਾਰੂਹੇੜਾ ਅਤੇ ਰੋਹਤਕ ਜ਼ਿਲੇ ਵਿੱਚਲੇ ਸਾਂਪਲਾ ਅਤੇ ਹਿਸਾਰ ਵਿਚਲੇ ਉਕਲਾਣਾ ਦੀਆਂ ਲੋਕਲ ਬਾਡੀਜ਼ ਚੋਣਾਂ ਦੇ ਨਤੀਜੇ ਆਏ ਹਨ। ਸੋਨੀਪਤ ਵਿਚ ਕਾਂਗਰਸ ਨੇ 14 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਮੇਅਰ ਦੀ ਚੋਣ ਜਿੱਤ ਲਈ ਤੇ ਉਸ ਦੇ ਉਮੀਦਵਾਰ ਨਿਖਿਲ ਮਦਾਨ ਇਸ ਸ਼ਹਿਰ ਦੇ ਪਹਿਲੇ ਮੇਅਰ ਬਣੇ ਹਨ। ਕਾਂਗਰਸ ਦਾ ਦਾਅਵਾ ਹੈ ਕਿ ਇਸ ਸ਼ਹਿਰ ਵਿੱਚ ਭਾਜਪਾ ਆਪਣੇ ਨਵੇਂ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਲੋਕਾਂ ਦੇ ਗੁੱਸੇ ਕਾਰਨ ਹਾਰੀ ਹੈ।

ਚੰਡੀਗੜ੍ਹ ਦੇ ਨਾਲ ਜੁੜਵੇਂ ਹਰਿਆਣਾ ਦੇ ਸ਼ਹਿਰ ਪੰਚਕੂਲਾ ਵਿੱਚ ਮੇਅਰ ਦੇ ਅਹੁਦੇ ਲਈ ਚੋਣ ਵਿੱਚ ਭਾਜਪਾ ਦੇ ਆਗੂ ਕੁਲਭੂਸ਼ਣ ਗੋਇਲ ਕਾਮਯਾਬ ਰਹੇ ਹਨ ਤੇ ਇਸ ਪਾਰਟੀ ਦੀ ਉਮੀਦਵਾਰ ਪੂਨਮ ਯਾਦਵ ਨੇ ਰੇਵਾੜੀ ਦੇ ਮੇਅਰ ਦਾ ਅਹੁਦਾ ਵੀ ਜਿੱਤ ਲਿਆ ਹੈ। ਅੰਬਾਲਾ ਵਿੱਚ ਮੇਅਰ ਲਈ ਚੋਣ ਵਿੱਚ ਕਾਂਗਰਸ ਤੋਂ ਟੁੱਟ ਕੇ ਬਣੀ ਹਰਿਆਣਾ ਜਨਚੇਤਨਾ ਪਾਰਟੀ ਦੀ ਉਮੀਦਵਾਰ ਅਤੇ ਸਾਬਕਾ ਮੰਤਰੀ ਵਿਨੋਦ ਸ਼ਰਮਾ ਧੀ ਪਤਨੀ ਸ਼ਕਤੀ ਰਾਣੀ ਸ਼ਰਮਾ ਜਿੱਤ ਗਈ ਹੈ। ਰੋਹਤਕ ਜ਼ਿਲੇ ਦੇ ਸਾਂਪਲਾ ਦੀ ਨਗਰ ਪਾਲਿਕਾ ਦੀ ਚੋਣਵਿੱਚ ਆਜ਼ਾਦ ਉਮੀਦਵਾਰ ਪੂਜਾ ਨੇ ਚੇਅਰਪਰਸਨ ਦੇ ਅਹੁਦੇ ਲਈ ਚੋਣ ਵਿੱਚ ਭਾਜਪਾ ਦੀ ਉਮੀਦਵਾਰ ਸੋਨੂੰ ਨੂੰ ਹਰਾਇਆ ਹੈ। ਜਿੱਤਣ ਵਾਲੀ ਆਜ਼ਾਦ ਉਮੀਦਵਾਰ ਪੂਜਾ ਅਸਲ ਵਿੱਚ ਕਾਂਗਰਸ ਦੀ ਵਰਕਰ ਹੈ, ਪਰ ਕਾਂਗਰਸ ਨੇ ਏਥੇ ਪਾਰਟੀ ਨਿਸ਼ਾਨ ਉੱਤੇਚੋਣ ਨਹੀਂ ਲੜੀ। ਧਾਰੂਹੇੜਾ ਵਿੱਚ ਆਜ਼ਾਦ ਉਮੀਦਵਾਰ ਕੰਵਰ ਸਿੰਘ ਨੇ ਭਾਜਪਾ ਅਤੇ ਕਾਂਗਰਸ ਦੋਵਾਂ ਨੂੰ ਹਰਾ ਕੇ ਚੋਣ ਜਿੱਤੀ ਹੈ ਅਤੇ ਉਕਲਾਣਾ ਵਿੱਚ ਨਗਰ ਪਾਲਿਕਾ ਚੇਅਰਮੈਨ ਲਈ ਆਜ਼ਾਦ ਉਮੀਦਵਾਰ ਸੁਸ਼ੀਲ ਕੁਮਾਰ ਸਾਹੂ ਜਿੱਤ ਗਏ ਹਨ। ਉਨ੍ਹਾਂ ਨੇ ਜਨਨਾਇਕ ਜਨਤਾ ਪਾਰਟੀ-ਭਾਜਪਾ ਦੇ ਸਾਂਝੇ ਉਮੀਦਵਾਰ ਮਹਿੰਦਰ ਸੋਨੀ ਨੂੰ ਹਰਾਇਆ ਹੈ।

# ਯਮਨ ਵਿੱਚ ਮੰਤਰੀਆਂ ਦਾ ਜਹਾਜ਼ ਲੈਂਡ ਕਰਨ ਵੇਲੇ ਹਮਲਾ

* ਪ੍ਰਧਾਨ ਮੰਤਰੀ ਬਚ ਗਏ, ਹੋਰਨਾਂ 22 ਲੋਕਾਂ ਦੀ ਮੌਤ

ਸਨਾ, 30 ਦਸੰਬਰ, (ਪੋਸਟ ਬਿਊਰੋ)- ਯਮਨ ਦੇ ਦੱਖਣੀ ਸ਼ਹਿਰ ਅਦਨ ਦੇ ਹਵਾਈ ਅੱਡੇ ਉੱਤੇ ਅੱਜ ਬੁੱਧਵਾਰ ਨੂੰ ਇਕ ਵੱਡਾ ਧਮਾਕਾ ਹੋਇਆ। ਸੁਰੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਇਹ ਧਮਾਕਾ ਨਵੀਂ ਬਣੀ ਕੈਬਨਿਟ ਦੇ ਮੰਤਰੀਆਂ ਨੂੰ ਲੈ ਕੇ ਆਏ ਜਹਾਜ਼ ਦੇ ਉਤਰਨ ਤੋਂ ਕੁਝ ਹੀ ਸਮਾਂ ਪਹਿਲਾਂ ਹੋਇਆ ਅਤੇ ਇਸ ਬਾਰੇ ਖਬਰਾਂ ਮੁਤਾ-ਬਕ 22 ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਲੋਕ ਜ਼ਖਮੀ ਹੋਏ ਹਨ, ਪਰ ਕਿਸੇ ਮੰਤਰੀ ਦਾ ਨੁਕਸਾਨ ਨਹੀਂ ਹੋਇਆ।

ਇਸ ਸੰਬੰਧ ਵਿੱਚ ਯਮਨ ਦੇ ਸੰਚਾਰ ਮੰਤਰੀ ਨਗੁਇਬ ਅਲ ਅਵਗ, ਜਿਹੜੇ ਇਸ ਸਰਕਾਰੀ ਜਹਾਜ਼ ਵਿੱਚ ਸਵਾਰ ਸਨ, ਨੇ ਖਬਰ ਏਜੰਸੀ ਨੂੰ ਦੱਸਿਆ ਕਿ ਉਨ੍ਹਾਂ ਨੇ ਦੋ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਸਨ ਅਤੇ ਲੱਗਦਾ ਸੀ ਕਿ ਇਹ ਡਰੋਣ ਨਾਲ ਕੀਤਾ ਗਿਆ ਹਮਲਾ ਸੀ। ਯਮਨ ਦੇ ਪ੍ਰਧਾਨ ਮੰਤਰੀ ਮਈਨ ਅਦਬੁੱਲ ਮਲਿਕ ਸਈਦ ਅਤੇ ਹੋਰਨਾਂ ਨੂੰ ਧਮਾਕੇ ਤੋਂ ਤੁਰੰਤਬ-ਅਦ ਹਵਾਈ ਅੱਡੇ ਤੋਂ ਇਸ ਸ਼ਹਿਰ ਵਿਚਲੇ ਮਸ਼ਿਕ ਪੈਲੇਸ ਲਿਜਾਇਆ ਗਿਆ। ਮੰਤਰੀ ਨੇ ਦੱਸਿਆ ਕਿ ਜੇ ਜਹਾਜ਼ ਉੱਤੇਸਿੱਧੀ ਬੰਬਾਰੀ ਹੁੰਦੀ ਤਾਂ ਤਬਾਹਕੁੰਨ ਹੋਣੀ ਸੀ, ਫਿਰ ਵੀ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਹਮਲਾ ਜਹਾਜ਼ ਨੂੰ ਨਿਸ਼ਾਨਾ ਬਣਾ ਕੇ ਹੀ ਕੀਤਾ ਗਿਆ ਹੈ। ਇਸ ਧਮਾਕੇ ਦੇ ਕਾਰਨਾਂ ਦੀ ਤੁਰੰਤ ਜਾਣਕਾਰੀ ਨਹੀਂ ਮਿਲੀ ਤੇ ਨਾ ਕਿਸੇ ਸੰਗਠਨ ਨੇ ਇਸ ਦੀ ਜ਼ਿੰਮੇਵਾਰੀ ਲਈ ਹੈ। ਸਰਕਾਰੀ ਜਹਾਜ਼ ਵਿੱਚ ਸਵਾਰ ਕਿਸੇ ਦੇ ਜਾਨੀ ਨੁਕਸਾਨ ਦੀ ਖਬਰ ਨਹੀਂ, ਪਰ ਓਥੇ ਮੌਜੂਦ ਅਧਿਕਾਰੀਆਂ ਨੇ ਕਿਹਾ ਕਿ ਹਵਾਈ ਅੱਡੇ ਉੱਤੇ ਉਨ੍ਹਾਂ ਨੇ ਲਾਸ਼ਾਂ ਦੇਖੀਆਂ ਹਨ।



# ਆਕਸਫੋਰਡ ਤੇ ਭਾਰਤ ਬਾਇਓਟੈਕ ਦੇ ਟੀਕੇ ਨੂੰ ਐਮਰਜੰਸੀ ਵਰਤੋਂ ਦੀ ਮਨਜ਼ੂਰੀ ਨਹੀਂ ਮਿਲੀ

ਨਵੀਂ ਦਿੱਲੀ, 30 ਦਸੰਬਰ, (ਪੋਸਟ ਬਿਊਰੋ)- ਭਾਰਤਵਿੱਚ ਕੋਰੋਨਾ ਵਾਇਰਸ ਦੇ ਕਈ ਟੀਕਿਆਂ ਲਈ ਟਰਾਇਲ ਚੱਲ ਰਿਹਾ ਹੈ ਅਤੇ ਵੈਕਸੀਨ ਬਣਾਉਣ ਵਾਲੀਆਂ ਕੁਝ ਕੰਪਨੀਆਂ ਨੇ ਸਰਕਾਰ ਤੋਂ ਐਮਰਜੰਸੀ ਵਰਤੋਂ ਦੀ ਮਨਜ਼ੂਰੀ ਮੰਗੀ ਸੀ, ਪਰ ਜਾਣਕਾਰ ਸੂਤਰਾਂ ਮੁਤਾਬਕ ਕੇਂਦਰ ਸਰਕਾਰ ਨੇ ਆਕਸਫੋਰਡ-ਐਸਟਰਾਜੈਨੇਕਾ ਤੇ ਭਾਰਤ ਬਾਇਓਟੈਕ ਦੇ ਟੀਕਿਆਂ ਦੀ ਐਮਰਜੰਸੀ ਵਰਤੋਂ ਦੀ ਮਨਜ਼ੂਰੀਅੱਜ ਦੀ ਬੈਠਕ ਦੇ ਬਾਅਦ ਵੀ ਨਹੀਂ ਦਿੱਤੀ।

ਵਰਣਨ ਯੋਗ ਹੈ ਕਿ ਬ੍ਰਿਟੇਨ ਨੇ ਆਕਸਫਰਡ ਯੂਨੀਵਰਸਿਟੀ ਤੇ ਐਸਟਰਾਜੇਨੇਕਾ ਦੀ ਕੋਰੋਨਾ ਵਾਇਰਸ ਵੈਕਸੀਨ ਦੇ ਐਮਰਜੰਸੀ ਇਸਤੇਮਾਲ ਦੇ ਲਈਮਨਜ਼ੂਰੀ ਦੇ ਦਿੱਤੀ ਹੈ। ਭਾਰਤ ਸਰਕਾਰ ਦੇ ਸੈਂਟਰਲ ਡਰੱਗਜ਼ ਸਟੈਂਡਰਡ ਕੰਟਰੋਲ ਆਰਗੇਨਾਈਜੇਸ਼ਨ ਦੀ ਸਬਜੈਕਟ ਐਕਸਪਰਟ ਕਮੇਟੀ ਨੇਅੱਜ ਬੁੱਧਵਾਰ ਨੂੰ ਫਾਈਜ਼ਰ, ਸੀਰਮ ਇੰਸਟੀਚਿਊਟ ਆਫ ਇੰਡੀਆ (ਐੱਸ ਆਈ ਆਈ) ਅਤੇ ਭਾਰਤ ਬਾਇਓਟੈਕ ਪ੍ਰਾਈਵੇਟ ਲਿਮਟਿਡ ਦੇ ਵੈਕਸੀਨ ਦੇ ਐਮਰਜੰਸੀ ਇਸਤੇਮਾਲ ਦੇ ਅਪੀਲ ਉੱਤੇ ਵਿਚਾਰ ਕਰਨ ਲਈ ਬੈਠਕ ਬੁਲਾਈ ਸੀ। ਮੀਟਿੰਗ ਦੌਰਾਨ ਸਬਜੈਕਟ ਐਕਸਪਰਟ ਕਮੇਟੀ ਨੇ ਸੀਰਮ ਇੰਸਟੀਚਿਊਟ ਆਫ ਇੰਡੀਆ ਅਤੇ ਭਾਰਤ ਬਾਇਓਟੈਕ ਤੋਂ ਮਿਲੇ ਡਾਟਾ ਉੱਤੇਵਿਚਾਰ ਕੀਤੀ ਤੇ ਕੰਪਨੀਆਂ ਨੇ ਜੋ ਵਾਧੂ ਡਾਟਾ ਪੇਸ਼ ਕੀਤਾ ਹੈ, ਉਸਦੀ ਸਮੀਖਿਆ ਕੀਤੀ, ਪਰ ਇਸ ਦੀ ਐਮਰਜੈਂਸੀ ਵਰਤੋਂ ਮਨਜ਼ੂਰੀ ਹਾਲੇ ਤੱਕ ਨਹੀਂ ਦਿੱਤੀ ਗਈ। ਸਬਜੈਕਟ ਐਕਸਪਰਟ ਕਮੇਟੀ ਦੀ ਅਗਲੀ ਮੀਟਿੰਗ 1 ਜਨਵਰੀ ਨੂੰ ਫਿਰ ਹੋਵੇਗੀ।




# ਸੜਕ ਹਾਦਸੇ ਵਿੱਚ ਜ਼ਖ਼ਮੀ ਨੌਜਵਾਨ ਦੀ ਇਲਾਜ ਦੌਰਾਨ ਮੌਤ

ਕਿਸ਼ਨਗੜ੍ਹ, 30 ਦਸੰਬਰ (ਪੋਸਟ ਬਿਊਰੋ)- ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ ਉੱਤੇ ਅੱਡਾ ਸਰਮਸਤਪੁਰ ਬੱਲਾਂ ਕੋਲ ਟਿੰਡਾ ਵਾਲਾ ਵਿਹੜਾ ਦੇ ਨੇੜੇ ਸੜਕ ਹਾਦਸੇ 'ਚ ਕਿਸੇ ਅਣਪਛਾਤੇ ਵਾਹਨ ਵੱਲੋਂ ਮੋਟਰ ਸਾਈਕਲ ਸਵਾਰ ਨੂੰ ਟੱਕਰ ਮਾਰਨ 'ਤੇ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ ਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ ਹੈ।

ਪਤਾ ਲੱਗਾ ਹੈ ਕਿ ਜਤਿੰਦਰ ਸਿੰਘ ਵਿਰਦੀ ਪੁੱਤਰ ਜਰਨੈਲ ਸਿੰਘ ਵਿਰਦੀ ਪਿੰਡ ਪਚਰੰਗਾ, ਜੋ ਜਲੰਧਰ ਦੀ ਕਿਸੇ ਪ੍ਰਾਈਵੇਟ ਕੰਪਨੀ ਵਿੱਚ ਕੰਮ ਕਰਦਾ ਸੀ, 23 ਦਸੰਬਰ ਸ਼ਾਮ 5 ਵਜੇ ਦੇ ਕਰੀਬ ਜਦੋਂ ਆਪਣੇ ਕੰਮ ਤੋਂ ਪਿੰਡ ਪਚਰੰਗਾ ਨੂੰ ਵਾਪਸ ਆ ਰਿਹਾ ਸੀ ਤਾਂ ਅੱਡਾ ਸਰਮਸਤਪੁਰ ਬੱਲਾਂਨੇੜੇ ਟਿੰਡਾਂ ਵਾਲਾ ਵਿਹੜਾ ਕੋਲ ਉਸ ਦੇ ਮੋਟਰਸਾਈਕਲ ਨੂੰ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ ਤੇ ਉਹ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਲੋਕਾਂ ਨੇ ਜਲੰਧਰ ਦੇ ਕਿਸੇ ਨਿੱਜੀ ਹਸਪਤਾਲ ਵਿੱਚ ਇਲਾਜ ਲਈ ਦਾਖ਼ਲ ਕਰਵਾਇਆ ਸੀ, ਜਿੱਥੇ ਉਸ ਦੀ ਮੌਤ ਹੋ ਗਈ।


Visions of Punjab

VISION ZOOMERTV


Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal
Co-Host

Iqbal Mahal
Producer & Host

Serving the South Asian Community Since 1976

UK TRUCK TRAINING CENTRE
ukttc
PCC #179958
Registered as a Private Careers College



Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification
Counterbalance
Reach Truck

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge


ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholsery@gmail.com



KAMAL SANDHU
Sales Representative
647.891.0143


RE/MAX GOLD
realtorkamalsandhu@gmail.com
www.arearealtor.com

Looking For a Nest..? Call the Best

ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.

House For Sale
$549,000




Oxford Rd 17- Fairway Rd

3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ

Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.

House For Sale
$689,000




Sandalwood Pkwy- Fernforest Dr

ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station

House For Sale
$835,000



Mississauga Rd - Wanless Dr

# ਸਿਆਸਤ ਵਿੱਚ ਹੋਣਹਾਰ ਨੌਜਵਾਨਾਂ ਦੀ ਘਾਟ ਲੋਕਤੰਤਰ ਲਈ ਖਤਰੇ ਦੀ ਘੰਟੀ

-ਪ੍ਰਿਅੰਕਾ ਸੌਰਭ

ਕਿਸੇ ਵੀ ਦੇਸ਼ ਦਾ ਭਵਿੱਖ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਉਹ ਕਿੰਨਾ ਨੌਜਵਾਨ ਹੈ। 15-24 ਸਾਲ ਦੇ ਵਿਚਾਲੇ ਦੀ ਉਮਰ ਦੇ ਨੌਜਵਾਨ ਆਮ ਤੌਰ 'ਤੇ ਕਾਲਜ ਜਾਣ ਵਾਲੇ ਵਿਦਿਆਰਥੀ ਹੁੰਦੇ ਹਨ। ਉਨ੍ਹਾਂ ਦੇ ਕਰੀਅਰ ਬਦਲ 'ਚ ਇੰਜੀਨੀਅਰ, ਡਾਕਟਰ, ਅਧਿਆਪਕ, ਖਿਡਾਰੀ, ਸੈਨਾ ਅਤੇ ਕੁਝ ਉਦਮੀ ਸ਼ਾਮਲ ਹਨ। ਖਾਸ ਕਰ ਕੇ ਭਾਰਤ ਦੇ ਸੰਦਰਭ ਵਿੱਚ ਸਿਆਸਤ ਨੂੰ ਕਰੀਅਰ ਬਦਲ ਦੇ ਰੂਪ ਵਿੱਚ ਬਹੁਤ ਘੱਟ ਲਿਆ ਜਾਂਦਾ ਹੈ। ਇਸ ਤਰ੍ਹਾਂ ਦੁਨੀਆ ਦੇ ਸਭਨਾਂ ਤੋਂ ਵੱਡੇ ਲੋਕਤੰਤਰ ਨੂੰ ਪਰਿਭਾਸ਼ਿਤ ਕਰਨ ਤੇ ਅਗਵਾਈ ਕਰਨ ਲਈ ਸਿਆਸਤ 'ਚ ਨੌਜਵਾਨ ਹੋਣਹਾਰ ਦਿਮਾਗਾਂ ਦੀ ਭਾਰੀ ਘਾਟ ਹੈ। ਇਹ ਸਥਾਨ ਉਨ੍ਹਾਂ ਲੋਕਾਂ ਨੇ ਲੈ ਲਿਆ ਹੈ, ਜਿਨ੍ਹਾਂ ਕੋਲ ਅਪਰਾਧਕ ਦੋਸ਼, ਅਨਪੜ੍ਹਤਾ, ਧਨ ਅਤੇ ਬਾਹੂਬਲ ਹਨ, ਜੋ ਸੁਪਰ-ਪਾਵਰ ਨੇਸ਼ਨ ਦੀ ਲੀਗ ਦਾ ਹਿੱਸਾ ਬਣਨ ਦੇ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਖਤਰੇ ਵਿੱਚ ਪਾ ਰਹੇ ਹਨ।

'ਚੰਪਾਰਨ ਸੱਤਿਆਗ੍ਰਹਿ' ਇਸ ਗੱਲ ਦੀ ਮਿਸਾਲ ਹੈ ਕਿ ਨੌਜਵਾਨ ਕਿਵੇਂ ਦੇਸ਼ ਦੀ ਸਿਆਸਤ ਬਦਲ ਸਕਦੇ ਹਨ। ਇਸ ਸੱਤਿਆਗ੍ਰਹਿ ਵਿੱਚ ਮਹਾਤਮਾ ਗਾਂਧੀ ਦੇ ਸੱਦੇ 'ਤੇ ਬਾਬੂ ਰਾਜਿੰਦਰ ਪ੍ਰਸਾਦ ਵਰਗੇ ਨੌਜਵਾਨ ਸਰਗਰਮ ਵਰਕਰ ਬਣ ਕੇ ਉਭਰੇ। ਗਾਂਧੀ ਜੀ ਨੇ ਨੌਜਵਾਨਾਂ ਨੂੰ ਪ੍ਰਮੁੱਖਤਾ ਨਾਲ ਆਜ਼ਾਦੀ ਅੰਦੋਲਨ ਨਾਲ ਜੋੜਿਆ। ਨਤੀਜੇ ਵਜੋਂ ਸਰਦਾਰ ਵੱਲਭ ਭਾਈ ਪਟੇਲ, ਜਵਾਹਰ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਵਰਗੇ ਮਹਾਨ ਨੇਤਾ ਭਾਰਤ ਨੂੰ ਮਿਲੇ। ਓਧਰ ਭਗਤ ਸਿੰਘ ਦੇ ਦੂਰਦਰਸ਼ੀ, ਕ੍ਰਾਂਤੀ ਵਾਲੇ ਅਤੇ ਸਮਾਜਵਾਦੀ ਮਕਸਦ ਅੱਜ ਵੀ ਦੇਸ਼ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹਨ।

ਸਿਆਸਤ ਵਿੱਚ ਵੀ ਬਦਲਾਅ ਲਿਆਉਣਾ ਜ਼ਰੂਰੀ ਹੈ, ਜਿਸ ਨਾਲ ਇਸ ਵਿੱਚ ਜੁਝਾਰੂ ਅਤੇ ਪੜ੍ਹਾਈ 'ਚ ਅੱਵਲ ਨੌਜਵਾਨਾਂ ਦਾ ਏਧਰ ਦਾਖਲਾ ਸੰਭਵ ਹੋਵੇ। ਕਾਲਜ ਸਿਆਸਤ 'ਚ ਅਪਰਾਧੀਕਰਨ ਨੂੰ ਰੋਕਣਾ ਹੋਵੇਗਾ ਅਤੇ ਬੇਲੋੜੇ ਖਰਚ 'ਤੇ ਕੰਟਰੋਲ ਕਰਨਾ ਹੋਵੇਗਾ। ਕਾਲਜ ਦੀ ਸਿਆਸਤ 'ਚ ਸਿਆਸੀ ਪਾਰਟੀਆਂ ਦਾ ਦਖਲ ਸੀਮਿਤ ਕਰਨਾ ਹੋਵੇਗਾ ਅਤੇ ਵਿਦਿਆਰਥੀਆਂ ਦੀ ਸਿਆਸੀ ਲਾਭਾਂ ਲਈ ਲਾਮਬੰਦੀ ਰੋਕਣੀ ਹੋਵੇਗੀ। ਨੌਜਵਾਨਾਂ ਦੇ ਸਿਆਸੀ ਵਿਕਾਸ ਲਈ ਖੁਦ-ਮੁਖਤਿਆਰੀ ਅਤੇ ਸੁਤੰਤਰ ਕਾਲਜ ਸਿਆਸਤ ਦੇ ਨਾਲ ਬਚਪਨ ਤੋਂ ਹੀ ਆਦਰਸ਼ ਨੇਤਾ ਦੇ ਗੁਣ ਕਾਇਮ ਕਰਨੇ ਹੋਣਗੇ। ਇਸ ਵਿੱਚ ਸਕੂਲਾਂ ਵੱਲੋਂ ਵਿਚਾਰ ਵਟਾਂਦਰਾ ਅਤੇ ਤਰਕ-ਵਿਤਰਕ ਦੀ ਸਮਰੱਥਾ ਦਾ ਵਿਕਾਸ ਹੋਣਾ ਚਾਹੀਦਾ ਹੈ। ਬੱਚਿਆਂ ਨੂੰ ਸਿੱਖਿਆ ਰਾਹੀਂ ਆਪਣੇ ਨੇੜੇ-ਤੇੜੇ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨ ਦੀ ਯੋਗਤਾ ਦੇਣੀ ਹੋਵੇਗੀ। ਨੌਜਵਾਨਾਂ 'ਚ ਸਿਆਸੀ ਹੁਨਰ ਵਿਕਾਸ ਲਈ ਪੰਚਾਇਤਾਂ ਅਤੇ ਨਗਰ ਪਾਲਿਕਾਵਾਂ ਨੂੰ ਵੱਡੀ ਭੂਮਿਕਾ ਨਿਭਾਉਣੀ ਹੋਵੇਗੀ। ਇਸ ਪੱਧਰ 'ਤੇ ਸਿਖਲਾਈ ਨਾਲ ਨੌਜਵਾਨਾਂ ਨੂੰ ਭਵਿੱਖ ਦੀ ਸਿਆਸਤ ਲਈ ਤਿਆਰ ਕੀਤਾ ਜਾ ਸਕਦਾ ਹੈ।

ਕਾਨੂੰਨੀ ਮਾਪਦੰਡਾਂ ਤੋਂ ਬਿਨਾ ਸਿਆਸਤ 'ਚ ਨੌਜਵਾਨਾਂ ਦੀ ਹਿੱਸੇਦਾਰੀ ਨਾਲ ਸੰਬੰਧਤ ਯੁਵਾ ਮਾਮਲਿਆਂ 'ਤੇ ਸੰਸਦੀ ਕਮੇਟੀ ਉਨ੍ਹਾਂ ਪਹਿਲੂਆਂ 'ਤੇ ਗੌਰ ਕਰੇ, ਜੋ ਨੌਜਵਾਨਾਂ ਨੂੰ ਕਰੀਅਰ ਬਦਲ ਵਜੋਂ ਉਤਸ਼ਾਹਤ ਕਰ ਸਕਦੇ ਹਨ। ਸਰਕਾਰੀ ਪਹਿਲ ਕਦਮੀਆਂ ਨੌਜਵਾਨਾਂ ਨੂੰ ਜੋੜਨ ਅਤੇ ਦੇਸ਼ ਦੇ ਸਾਹਮਣੇ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਗੁੰਜਾਇਸ਼ ਦਿੰਦੀਆਂ ਹਨ ਅਤੇ ਨੌਜਵਾਨਾਂ ਨੂੰ ਖੁੱਲ੍ਹੇ ਥਾਂ ਜੰਗਲ ਪਾਣੀ ਅਤੇ ਭ੍ਰਿਸ਼ਟਾਚਾਰ ਨਾਲ ਲੜਨ ਲਈ 'ਸਵੱਛ ਭਾਰਤ', 'ਵ੍ਹਿਸਲ ਬਲੋਅਰ' ਵਰਗੇ ਹੱਲ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਅੰਨਾ ਹਜ਼ਾਰੇ ਵਾਲੇ ਲੋਕਪਾਲ ਅੰਦੋਲਨ, ਦਿੱਲੀ ਸਮੂਹਿਕ ਬਲਾਤਕਾਰ, ਤਸ਼ੱਦਦ ਸਮਾਨ ਰੂਪ ਨਾਲ ਨੌਜਵਾਨਾਂ 'ਚ ਸਿਆਸਤ ਪੈਦਾ ਕਰਦੇ ਹਨ। ਇਨ੍ਹਾਂ ਸਾਰਿਆਂ ਦੇ ਬਾਵਜੂਦ ਵਰਤਮਾਨ 'ਚ ਨੌਜਵਾਨਾਂ ਦਾ ਮੰਨਣਾ ਹੈ ਕਿ ਸਿਆਸਤ ਉਨ੍ਹਾਂ ਲਈ ਨਹੀਂ ਹੈ। ਇਹ ਵੱਡੇ ਪੱਧਰ 'ਤੇ ਵਰਤਮਾਨ ਸਿਆਸਤ ਦੇ ਅਕਸ ਦੇ ਕਾਰਨ ਹੈ, ਲਗਾਤਾਰ ਭ੍ਰਿਸ਼ਟਾਚਾਰ ਜਿਵੇਂ ਕਿ 2-ਜੀ ਕੋਲਾ ਘਪਲੇ ਸੰਸਦੀ ਕਾਰਵਾਈ 'ਚ ਧਨ ਚੋਣਾਂ 'ਚ ਧਨ ਅਤੇ ਬਾਹੂਬਲ ਦੀ ਵਰਤੋਂ, ਗਠਜੋੜ ਸਰਕਾਰਾਂ ਦਾ ਲਗਾਤਾਰ ਪਤਨ, ਸੱਤਾ ਦਾ ਲਾਲਚ, ਸਿਆਸਤ ਅਤੇ ਗ੍ਰਿਫਤਾਰੀ ਦੀ ਅਨੈਤਿਕ ਖੇਡ। ਇਹ ਸਾਰੇ ਨੌਜਵਾਨਾਂ ਨੂੰ ਸੋਚ ਦੀ ਸਿਆਸਤ ਤੋਂ ਡਰਾਉਂਦੇ ਹਨ ਅਤੇ ਉਨ੍ਹਾਂ ਨੂੰ ਦੂਰ ਰੱਖਦੇ ਹਨ। ਇਥੋਂ ਤੱਕ ਮਾਤਾ-ਪਿਤਾ ਵੀ ਇਸ ਬਦਲ ਲਈ ਅੱਗੇ ਨਹੀਂ ਆਉਂਦੇ। ਆਪਣੇ ਬੱਚਿਆਂ ਨੂੰ ਸਿਆਸਤ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕਰਨਾ ਉਨ੍ਹਾਂ ਲਈ ਖਤਰੇ ਦੀ ਘੰਟੀ ਹੈ, ਪਰ ਇਹ ਸਮਾਂ ਚਿੰਤਾਜਨਕ ਸਥਿਤੀ ਨੂੰ ਪੇਸ਼ ਕਰਦਾ ਹੈ, ਜਿੱਥੇ ਨੌਜਵਾਨਾਂ ਦਾ ਸਿਆਸਤ 'ਚ ਹਿੱਸਾ ਘਟਦਾ ਜਾਂਦਾ ਹੈ। ਅੱਜ ਦੀ ਸੰਸਦ ਵਿੱਚ 35 ਸਾਲ ਤੋਂ ਘੱਟ ਉਮਰ ਦੇ ਸਿਰਫ ਵੀਹ ਫੀਸਦੀ ਨੇਤਾ ਹੀ ਹਨ ਅਤੇ ਉਨ੍ਹਾਂ 'ਚੋਂ ਸੱਤਰ ਤੋਂ ਨੱਬੇ ਫੀਸਦੀ ਸਿਰਫ ਪਰਵਾਰਕ ਸੰਬੰਧਾਂ ਦੁਆਰਾ ਹੀ ਸਿਆਸਤ ਵਿੱਚ ਆਏ ਹਨ। ਨੌਜਵਾਨਾਂ ਦੀ ਭਾਈਵਾਲੀ ਹਾਂਪੱਖੀ ਤਬਦੀਲੀ ਲਿਆ ਸਕਦੀ ਹੈ।

ਜਿਹੜੇ ਨੌਜਵਾਨ ਅਤੇ ਨਵੇਂ ਹਨ, ਜੋ ਆਮ ਤੌਰ 'ਤੇ ਸਖਤ ਮਿਹਨਤ ਕਰਦੇ ਹਨ, ਉਨ੍ਹਾਂ ਨੂੰ 'ਮੇਕ ਇਨ ਇੰਡੀਆ' ਨਾਲ ਸੰਬੰਧਤ ਨੀਤੀ ਨਿਰਮਾਣ, ਬੱਚਿਆਂ ਦੇ ਵਿਰੁੱਧ ਅਪਰਾਧ, ਭ੍ਰਿਸ਼ਟਾਚਾਰ, ਮਹਿਲਾ ਸ਼ਕਤੀਕਰਨ ਆਦਿ ਵਿੱਚ ਸੱਦਾ ਦਿੱਤਾ ਜਾ ਸਕਦਾ ਹੈ। ਉਹ ਸਟਾਰਟਅਪ ਇੰਡੀਆ ਅਤੇ ਸਵੱਛ ਭਾਰਤ ਅਭਿਆਨ ਦੇ ਬ੍ਰਾਂਡ ਅੰਬੈਸਡਰ ਹੋ ਸਕਦੇ ਹਨ। ਵਰਤਮਾਨ ਸਮੇਂ ਵਿੱਚ ਨੌਜਵਾਨਾਂ ਨੂੰ ਨਸ਼ੀਲੀਆਂ ਦਵਾਈਆਂ, ਮਨੁੱਖੀ ਸਮੱਗਲਿੰਗ ਵਰਗੀਆਂ ਬੁਰੀਆਂ ਸ਼ਕਤੀਆਂ ਤੋਂ ਵੱਖ ਕੀਤਾ ਜਾ ਰਿਹਾ ਹੈ, ਉਹ ਇਨ੍ਹਾਂ ਸਮੱਸਿਆਵਾਂ ਦਾ ਹੱਲ ਹੋ ਸਕਦੇ ਹਨ। ਇਸ ਵੇਲੇ ਭਾਰਤ ਦੇ ਨੌਜਵਾਨਾਂ ਅਤੇ ਬੱਚਿਆਂ ਦੀ ਕੁੱਲ ਆਬਾਦੀ ਦਾ ਲਗਭਗ 55 ਫੀਸਦੀ ਹਿੱਸਾ ਹੈ।

ਭਾਰਤ ਨੌਜਵਾਨ ਰਾਸ਼ਟਰ ਤੇ ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਹੈ। ਮਰਦਮ ਸ਼ੁਮਾਰੀ ਦੇ ਲਾਭਾਂਸ਼ ਦਾ ਲਾਭ ਉਠਾਉਣ ਲਈ ਸਾਨੂੰ ਵਿਕਾਸ ਦੀ ਲੋੜ ਹੈ। ਯੂਥ ਸਿਆਸਤ ਅਜਿਹਾ ਅਣਛੂਹਿਆ ਖੇਤਰ ਹੈ, ਜਿਸ 'ਤੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਤੇ ਨੀਤੀ ਨਿਰਮਾਣ 'ਚ ਯੋਗਦਾਨ ਕਰਨ ਲਈ ਉਨ੍ਹਾਂ ਨੂੰ ਕੁਝ ਕਰਨਾ ਚਾਹੀਦਾ ਹੈ। ਸਭ ਤੋਂ ਵੱਡੀ ਨੌਜਵਾਨ ਆਬਾਦੀ ਵਾਲੇ ਰਾਸ਼ਟਰ ਨੂੰ ਮੌਜੂਦਾ ਗਤੀਸ਼ੀਲ ਅਗਵਾਈ ਦੇ ਬਾਅਦ ਰਾਸ਼ਟਰੀ ਭਵਨ ਦੇ ਨੇਤਾਵਾਂ 'ਚ ਵਿਰਾਮ ਨਹੀਂ ਦੇਣਾ ਚਾਹੀਦਾ। ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਦੇ ਢੁੱਕਵੇਂ ਵਿਚਾਰ ਦਰਸਾਉਂਦੇ ਹਨ ਕਿ ਜਵਾਨੀ ਉਹ ਸਮਾਂ ਹੈ, ਜਦੋਂ ਵਿਅਕਤੀ ਦੇ ਕੋਲ ਮਹਾਨ ਤਬਦੀਲੀਆਂ ਲਿਆਉਣ ਦੀ ਸ਼ਕਤੀ ਹੁੰਦੀ ਹੈ।

ਨੌਜਵਾਨ ਉਸ ਹਵਾ ਵਾਂਗ ਹੈ, ਜੋ ਆਪਣੇ ਵੇਗ ਨਾਲ ਸਮਾਜ, ਸਿਆਸਤ ਅਤੇ ਦੁਨੀਆ ਨੂੰ ਬਦਲਣ ਦੀ ਸਮਰੱਥਾ ਰੱਖਦੀ ਹੈ। ਨੌਜਵਾਨਾਂ 'ਚ ਉਹ ਸ਼ੌਕ ਹੁੰਦਾ ਹੈ, ਜੋ ਉਨ੍ਹਾਂ ਨੂੰ ਨਵੇਂ ਵਿਚਾਰਾਂ ਪ੍ਰਤੀ ਸੁਚੇਤ ਰੱਖਦਾ ਹੈ ਅਤੇ ਉਨ੍ਹਾਂ ਕੋਲ ਅਤੀਤ ਤੋਂ ਸਿੱਖਣ ਦੀ ਕਾਬਲੀਅਤ ਵੀ ਹੁੰਦੀ ਹੈ। ਜਦੋਂ ਨੌਜਵਾਨ ਸਿਆਸਤ 'ਚ ਆਉਂਦੇ ਹਨ ਤਾਂ ਨਵੇਂ ਪਰਿਵਰਤਨ ਦੀ ਧਾਰਾ ਵਗਦੀ ਹੈ ਅਤੇ ਨਵੀਂ ਸੋਚ ਦਾ ਨਿਰਮਾਣ ਹੁੰਦਾ ਹੈ। ਜਦੋਂ ਨੌਜਵਾਨ ਮੁੜ ਸਿਆਸਤ 'ਚ ਪਰਤਣਗੇ ਤਾਂ ਨਿਸ਼ਚਿਤ ਹੀ ਦੇਸ਼ ਵਿਕਾਸ ਦੇ ਮਾਰਗ 'ਤੇ ਚੱਲ ਨਿਕਲੇਗਾ। ਨੌਜਵਾਨਾਂ ਤੋਂ ਇਹੀ ਆਸ ਹੈ ਕਿ ਉਹ ਦੁਸ਼ਿਅੰਤ ਕੁਮਾਰ ਦੇ ਵਾਕ ਆਪਣੇ ਮਨ 'ਚ ਉਤਾਰ ਕੇ ਸਿਆਸਤ ਵਿੱਚ ਪ੍ਰਵੇਸ਼ ਕਰਨਗੇ ਅਤੇ ਨਵੇਂ ਦੇਸ਼ ਦਾ ਨਿਰਮਾਣ ਕਰਨਗੇ।

ਸਿਰਫ ਹੰਗਾਮਾ ਖੜ੍ਹਾ ਕਰਨਾ ਮੇਰਾ ਮਕਸਦ ਨਹੀਂ,
ਮੇਰੀ ਕੋਸ਼ਿਸ਼ ਹੈ ਕਿ ਯੇ ਸੂਰਤ ਬਦਲਨੀ ਚਾਹੀਏ,
ਮੇਰੇ ਸੀਨੇ ਮੇਂ ਨਹੀਂ ਤੋ ਤੇਰੇ ਸੀਨੇ ਮੇਂ ਸਹੀ
ਹੋ ਕਹੀਂ ਭੀ ਆਗ, ਲੇਕਿਨ ਆਗ ਜਲਨੀ ਚਾਹੀਏ।

# ਅੱਖਰਾਂ ਦੀ ਲੋਅ ਵਿੱਚ ਤੁਰਦੇ ਕਾਫਲੇ

-ਡਾਕਟਰ ਨਵਜੋਤ

ਪਿਛਲੇ ਕਈ ਦਿਨਾਂ ਤੋਂ ਅਸੀਂ ਗੰਭੀਰਤਾ ਤੇ ਚਿੰਤਾਜਨਕ ਦੌਰ 'ਚੋਂ ਗੁਜ਼ਰ ਰਹੇ ਕਿਸਾਨ ਸੰਘਰਸ਼ ਦੀ ਹਮਾਇਤ ਵਿੱਚ ਨਿਰੰਤਰ ਯਤਨਸ਼ੀਲ ਹਾਂ। ਕਦੇ ਰੈਲੀਆਂ ਰੈਲੀਆਂ ਕਰ ਰਹੇ ਹਾਂ, ਕਦੇ ਮੱਥੇ ਵਿੱਚ ਚੇਤਨਾ ਦੀ ਮਘਦੀ ਚਿਣਗ ਵਾਲੇ ਵਿਦਵਾਨਾਂ ਨੂੰ ਬੁਲਾ ਕੇ ਸੈਮੀਨਾਰ ਕਰਵਾ ਰਹੇ ਹਾਂ। ਖੁੱਲ੍ਹੇ ਅਸਮਾਨ ਹੇਠ ਸਬਰ ਸੰਤੋਖ ਨਾਲ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਸੰਘਰਸ਼ ਕਰ ਰਹੇ ਅੰਨ-ਦਾਤਾਵਾਂ ਨੂੰ ਸਲਾਮ ਕਰਨ ਲਈ ਮਨ ਬਿਹਬਲ ਸੀ। ਮੈਂ ਉਸੇ ਅਜ਼ੀਮ ਸੰਘਰਸ਼ ਨੂੰ ਸਿਜਦਾ ਕਰਨਾ ਚਾਹੁੰਦੀ ਸਾਂ, ਜਿੱਥੇ ਹਾਸ਼ੀਏ 'ਤੇ ਧੱਕੇ ਲੋਕ ਨਵਾਂ ਇਤਿਹਾਸ ਸਿਰਜ ਰਹੇ ਸਨ।

ਆਪਣੇ ਕਾਲਜ ਦੇ ਸਾਥੀਆਂ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਿਟਾਇਰਡ ਪ੍ਰੋਫੈਸਰਜ਼ ਦੇ ਨਾਲ ਛੇ ਘੰਟੇ ਦੇ ਸਫਰ ਤੋਂ ਬਾਅਦ ਇੱਕ ਘੰਟਾ ਪੈਦਲ ਤੁਰ ਕੇ ਜਦੋਂ ਅਸੀਂ ਉਸ ਸੰਗਰਾਮੀ ਪੰਡਾਲ ਵਿੱਚ ਪੁੱਜੇ ਤਾਂ ਇੰਝ ਲੱਗਾ, ਜਿਵੇਂ ਹਵਾਵਾਂ ਵਿੱਚ ਸਾਡੇ ਸਾਹਾਂ ਵਿੱਚ ਸਾਡੇ ਆਲੇ ਦੁਆਲੇ ਇੱਕ ਲਰਜ਼ਦਾ ਤੂਫਾਨ ਉਠ ਰਿਹਾ ਹੋਵੇ। ਮੱਥੇ ਵਿੱਚ ਇਨਸਾਨੀਅਤ ਦਾ ਦੀਵਾ ਬਾਲੀ ਬੈਠੇ ਲੋਕ ਜਾਤਾਂ, ਧਰਮਾਂ, ਖਿੱਤਿਆਂ ਤੋਂ ਉਪਰ ਉਠ ਕੇ ਫਿਰਕੂ ਸਦਭਾਵਨਾ ਅਤੇ ਏਕਤਾ ਦੀਆਂ ਤੰਦਾਂ ਨੂੰ ਮਜ਼ਬੂਤ ਕਰਦੇ ਨਜ਼ਰੀਂ ਪਏ। ਅਨੇਕਾਂ ਰੋਕਾਂ ਅਤੇ ਬੰਦਿਸ਼ਾਂ ਦੇ ਬਾਵਜੂਦ ਜਮਹੂਰੀਅਤ ਦੇ ਰਾਖਿਆਂ ਨੂੰ ਦੇਖ ਕੇ ਇੰਝ ਲੱਗਾ ਜਿਵੇਂ ਕੁਝ ਕਰ ਗੁਜ਼ਰਨ ਦੀ ਭਾਵਨਾ ਉਨ੍ਹਾਂ ਦੇ ਅੰਦਰ ਲਟ ਲਟ ਬਲ ਰਹੀ ਹੋਵੇ, ਪਰ ਇੱਕ ਅਜੀਬ ਤਰ੍ਹਾਂ ਦੇ ਸੰਜਮ ਨੇ ਉਨ੍ਹਾਂ ਨੂੰ ਕੀਲਿਆ ਹੋਵੇ। ਇਨ੍ਹਾਂ ਸਭ ਦੇ ਸਰੋਕਾਰ ਸਾਂਝੇ ਹਨ, ਇਨ੍ਹਾਂ ਦੇ ਦੁੱਖ ਸੁੱਖ ਸਾਂਝੇ ਨੇ, ਸਭ ਦੀ ਕਹਾਣੀ ਇੱਕੋ ਹੈ। ਕਿਸੇ ਨੂੰ ਕੋਈ ਭਰਮ ਨਹੀਂ, ਕੋਈ ਵਹਿਮ ਨਹੀਂ, ਕੋਈ ਭੁਲੇਖਾ ਨਹੀਂ, ਗੰਗਾ-ਜਮਨੀ ਤਹਿਜ਼ੀਬ ਜਿਵੇਂ ਘੁਲ-ਮਿਲ ਗਈ ਹੋਵੇ. ਗਿਆਨ ਦਾ ਪ੍ਰਕਾਸ਼, ਚੜ੍ਹਦੀ ਕਲਾ ਦਾ ਸੁਨੇਹਾ ਦਿੰਦਾ ਇਹ ਜੁਝਾਰੂ ਇਕੱਠ ਲੀਡਰਸ਼ਿਪ ਵਿੱਚ ਪੂਰਨ ਭਰੋਸਾ ਪ੍ਰਗਟ ਕਰ ਰਿਹਾ ਸੀ। ਇਸ ਸਮਾਰੋਹ ਵਿੱਚ ਵਿਚਰਦਿਆਂ ਅਜ਼ੀਮ ਨਜ਼ਾਰਾ ਨਜ਼ਰੀਂ ਪਿਆ।

ਪੰਜਾਬ ਤੇ ਹਰਿਆਣਾ ਦੇ ਅਣਖੀ ਤੇ ਸੂਰਬੀਰ ਕਿਸਾਨਾਂ ਨੇ ਹਤਾਸ਼ ਤੇ ਨਿਰਾਸ਼ ਹੋਏ ਲੋਕਾਂ ਅੰਦਰ ਕੁਝ ਦਿਨਾਂ ਵਿੱਚ ਹੀ ਨਵੀਂ ਰੂਹ ਫੂਕ ਦਿੱਤੀ ਹੈ। ਦਹਾਕਿਆਂ ਤੋਂ ਜਿੰਦਾਂ ਦਾ ਸੋਹਣਾ-ਸੁਨੱਖਾ ਸਮਾਜ ਸਿਰਜਣ ਦੀ ਚੇਤਨਾ ਪੈਦਾ ਕਰਨ ਦੀ ਕੋਸ਼ਿਸ਼ ਇਨਕਲਾਬੀ ਧਿਰਾਂ ਵੱਲੋਂ ਹੋ ਰਹੀ ਸੀ, ਉਹ ਦੇਸ਼ ਦੇ ਸਿਰਲੱਥ ਸੂਰਮਿਆਂ, ਇਨ੍ਹਾਂ ਮਰਜੀਵੜੇ ਕਿਸਾਨਾਂ ਨੇ ਕੁਝ ਦਿਨਾਂ ਵਿੱਚ ਪੂਰੀ ਕਰ ਦਿਖਾਈ ਹੈ। ਹਿੰ-ਦੁਸਤਾਨ ਦਾ ਚੱਪਾ-ਚੱਪਾ ਜਾਗ ਪਿਆ। ਬਿਨਾਂ ਕਿਸੇ ਰਾਜਸੀ ਧਿਰ ਦੀ ਸਰਪ੍ਰਸਤੀ ਤੋਂ ਸਵੈ-ਇੱਛਤ ਤੌਰ 'ਤੇ ਆਪ ਮੁਹਾਰੇ ਉਠਿਆ ਲੋਕਾਂ ਦਾ ਰੋਹ ਇਸ ਗੱਲ ਦੀ ਗਵਾਹੀ ਭਰਦਾ ਸੀ ਕਿ ਵਿਤਕਰੇਬਾਜ਼ੀ, ਬੇਇਨਸਾਫੀ, ਧਨ ਦੀ ਕਾਣੀ ਵੰਡ ਸਹਾਰਨ ਦੀ ਹਿੰਮਤ ਖਤਮ ਹੋ ਚੁੱਕੀ ਹੈ। ਹਿੰਸਾ ਦੀ ਇਬਾਰਤ ਤੋਂ ਨਾਬਰ ਵਿਚਰਦੇ ਨੌਜਵਾਨਾਂ ਦੇ ਚਿਹਰਿਆਂ ਨੂੰ ਮੈਂ ਪੜ੍ਹਨ ਦੀ ਕੋਸ਼ਿਸ਼ ਕੀਤੀ। ਹਰ ਨੌਜਵਾਨ ਮੈਨੂੰ ਸਿਆਣਾ, ਗਹਿਰ-ਗੰਭੀਰ, ਸੋਚਵਾਨ, ਸੂਝਵਾਨ ਅਤੇ ਭੈਅ ਮੁਕਤ ਲੱਗਾ। ਆਪਣੇ ਨਾਲ ਹੋਈ ਵਧੀਕੀ ਦੇ ਵਿਰੁੱਧ ਉਨ੍ਹਾਂ ਦਾ ਖੂਨ ਖੌਲ ਰਿਹਾ ਸੀ। ਉਸ ਨਵੀਂ ਸੋਚ ਵਾਲੀ ਨੌਜਵਾਨੀ ਜਿਸ ਦੀਆਂ ਅੱਖਾਂ ਵਿੱਚ ਹੀ ਨਹੀਂ, ਦਿਲਾਂ ਤੇ ਦਿਮਾਗਾਂ ਵਿੱਚ ਵੀ ਰੋਜ਼ ਸੁਫਨੇ ਉਗਦੇ ਨੇ, ਉਸ ਦੇ ਮੰਜ਼ਿਲ ਵੱਲ ਵਧਦੇ ਕਦਮਾਂ ਨੂੰ ਅਹਿਸਾਸ ਸੀ ਕਿ ਪਹਿਲਾਂ ਵੀ ਕਈ ਵਾਰ ਅਤੀਤ ਵਿੱਚ ਡੁੱਲ੍ਹੇ ਖੂਨ 'ਚੋਂ ਕੁਝ ਨਹੀਂ ਖੱਟਿਆ ਗਿਆ।

ਉਥੇ ਇੱਕ ਕਮਾਲ ਦਾ ਜ਼ਾਬਤਾ ਨੌਜਵਾਨ ਵਰਗ ਨੇ ਆਪਣੇ-ਆਪ 'ਤੇ ਲਾਗੂ ਕੀਤਾ ਹੋਇਆ ਸੀ। ਮਾਨਵੀ ਸ਼ਕਤੀ ਨਾਲ ਮੁਕਤੀ ਪ੍ਰਾਪਤ ਕਰਨ ਦਾ ਗੁਰ ਜਿਵੇਂ ਉਸ ਨੂੰ ਸਮਝ ਆ ਗਿਆ ਹੋਵੇ। ਭਾਈ ਘਨ੍ਹਈਆ ਦਾ ਕਿਰਦ-ਾਰ ਨਿਭਾਉਂਦੇ ਇਨ੍ਹਾਂ ਗੱਭਰੂਆਂ ਨੂੰ ਦੇਖ ਕੇ ਸਿਰ ਮਾਣ ਨਾਲ ਉਚਾ ਹੋ ਰਿਹਾ ਸੀ। ਭਾਈ ਲਾਲੋ ਦੇ ਵਾਰਿਸ ਆਪਣੇ ਪਿਓ-ਦਾਦੇ ਦੀ ਉਮਰ ਦੇ ਜ਼ਿੰਦਗੀ ਦੇ ਉਸਰੱਈਏ, ਕ੍ਰਾਂਤੀਕਾਰੀ ਯੋਧਿਆਂ ਨੂੰ ਦੇਖ ਇੰਝ ਭਾਸ ਰਿਹਾ ਸੀ ਜਿਵੇਂ ਉਹ ਤਜਰਬੇਕਾਰ ਬਜ਼ੁਰਗ ਫਿਰ ਸਿੱਖਣ-ਸਿਖਾਉਣ ਅਤੇ ਲੋਕਾਈ ਨੂੰ ਜਗਾਉਣ ਦੇ ਵਗਦੇ ਪਾਣੀਆਂ ਨਾਲ ਵਹਿਣ ਲਈ ਤੱਤਪਰ ਹੋਣ।

ਕਾਨੂੰਨ ਦੀ ਇੱਕ-ਇੱਕ ਧਾਰਾ ਬਾਰੇ ਅਨਪੜ੍ਹ ਬਜ਼ੁਰਗ ਵੀ ਬਿਲਕੁਲ ਸਪੱਸ਼ਟ ਸਨ। ਉਨ੍ਹਾਂ ਦਾ ਰੁੱਖਾਂ ਵਰਗਾ ਜੇਰਾ, ਸਿਰੜ ਤੇ ਮਨੋਬਲ ਨਵੀਂ ਸੋਚ ਵਾਲੀ ਨੌਜਵਾਨੀ ਨੂੰ ਮਾਤ ਪਾ ਰਿਹਾ ਸੀ। ਕਿਸੇ ਇੱਕ ਦੇ ਚਿਹਰੇ 'ਤੇ ਵੀ ਮੈਂ ਉਦਾਸੀ ਨਹੀਂ ਵੇਖੀ। ਮੈਂ ਜ਼ਿੰਦਗੀ ਦੇ ਚਿਤੇਰੇ, ਮੰਜ਼ਿਲਾਂ ਸਰ ਕਰਨ ਦਾ ਜਨੂੰਨ ਲੈ ਕੇ ਤੁਰੇ ਇਹ ਸੂਰਮੇ ਹਰ ਸਵੇਰ ਨਵੇਂ ਅਹਿਦ ਨਾਲ ਜਾਗਦੇ ਦੇਖੇ। ਕੁਰੂਕਸ਼ੇਤਰ ਦੀ ਧਰਤੀ ਤੋਂ ਗੀਤਾ ਦੇ ਮੁੱਖ ਸਿਧਾਂਤ 'ਜ਼ੁਲਮ ਕਰਨਾ ਪਾਪ ਹੈ ਤਾਂ ਜ਼ੁਲਮ ਸਹਿਣਾ ਮਹਾਂ ਪਾਪ ਹੈ' ਤੋਂ ਸੇਧ ਲੈ ਕੇ ਇਹ ਜਾਗਦੀ ਜ਼ਮੀਰ ਵਾਲੇ ਲੋਕ ਬਲਦੀ ਅੱਗ ਵਿੱਚ ਕੁੱਦੇ ਹਨ। ਉਸ ਬੇਹੱਦ ਸੰਜੀਦਾ ਇਤਿਹਾਸਕ ਮੋਰਚੇ ਵਿੱਚ ਵਿਚਰਦਿਆਂ ਮੇਰੀਆਂ ਅੱਖਾਂ ਅੱਗੇ ਸਿੱਖ ਇਤਿਹਾਸ ਦੇ ਅਮੀਰ ਪੰਨੇ ਵਾਰ-ਵਾਰ ਆ ਰਹੇ ਸਨ। ਮੈਨੂੰ ਚੇਤੇ ਆ ਰਹੀ ਸੀ ਸਦੀਆਂ ਪਹਿਲਾਂ ਜਬਰ ਜ਼ੁਲਮ ਝੱਲ ਰਹੇ ਲੋਕਾਂ ਦੇ ਹੱਕਾਂ ਦੀ ਰਾਖੀ ਲਉ ਉਠੀ ਉਹ ਇਨਕਲਾਬੀ ਮੁਹਿੰਮ ਜਿਸ ਦੀ ਸ਼ੁਰੂਆਤ ਇਨਕਲਾਬੀ ਗੁਰੂ ਨਾਨਕ ਦੇਵ ਜੀ ਤੋਂ ਹੋਈ ਅਤੇ ਜਿਸ ਦੀ ਸੰਪੂਰਨਤਾ ਖਿਦਰਾਣੇ ਦੀ ਢਾਬ 'ਤੇ ਹੋਈ ਸੀ।

ਅਨੇਕਤਾ ਨੂੰ ਏਕਤਾ ਦੇ ਸੂਤਰ ਵਿੱਚ ਪਰੋਈ ਇਹ ਸਿੰਘੂ ਬਾਰਡਰ ਵੀ ਕੁਝ ਇਸ ਤਰ੍ਹਾਂ ਦਾ ਇਤਿਹਾਸ ਹੀ ਸਿਰਜ ਰਿਹਾ ਲੱਗਿਆ। ਸੱਚਮੁੱਚ ਬੀਤੇ ਦੀ ਕੁੱਖ 'ਚ ਅੱਜ ਫਿਰ ਵਰਤਮਾਨ ਜਨਮ ਧਾਰਦਾ ਦਿੱਸਿਆ। ਮਾਣ ਵਾਲੀ ਗੱਲ ਇਹ ਹੈ ਕਿ ਇਸ ਸੰਘਰਸ਼ ਵਿੱਚ ਇਕੱਲੇ ਸਾਡੇ ਪਿਓ, ਭਰਾ, ਪੁੱਤ, ਪੋਤੇ ਹੀ ਸ਼ਾਮਲ ਨਹੀਂ, ਸਗੋਂ ਨਾਰੀ ਸ਼ਕਤੀ ਦਾ ਝੰਡਾ ਚੁੱਕੀ ਇਸ ਧਰਤੀ ਦੀਆਂ ਜਾਈਆਂ ਵੀ ਵਹੀਰਾਂ ਘੱਤ ਕੇ ਨਵਾਂ ਇਤਿਹਾਸ ਸਿਰਜਣ ਲਈ ਸਿੰਘੂ ਬਾਰਡਰ 'ਤੇ ਤੈਨਾਤ ਹਨ। ਮੇਰਾ ਸਿਰ ਵਾਰ-ਵਾਰ ਝੁਕ ਰਿਹਾ ਸੀ ਉਨ੍ਹਾਂ ਬਜ਼ੁਰਗ ਮਾਵਾਂ ਅੱਗੇ, ਜੋ ਹੱਥ ਵਿੱਚ ਕਿਸਾਨ ਯੂਨੀਅਨ ਦੇ ਝੰਡੇ ਫੜੀ ਕਾਫਲਿਆਂ ਦੀ ਅਗਵਾਈ ਕਰ ਰਹੀਆਂ ਸਨ। ਬੜੀ ਬਾਰੀਕਬੀਨੀ ਨਾਲ ਇਸ ਕਾਫਲੇ ਦਾ ਆਗਾਜ਼ ਹੋਇਆ ਤੇ ਅੱਜ ਲੋਕਤਾ ਦਾ ਇਹ ਹੜ੍ਹ ਬੇਰੋਕ ਚਲਦਾ ਪੂਰੀ ਕਾਮਯਾਬੀ ਨਾਲ ਆਪਣੀ ਸੰਪੂਰਨਤਾ ਵੱਲ ਵੱਧ ਰਿਹਾ ਹੈ। ਸੰਵੇਦਨਸ਼ੀਲ ਸੋਚ ਰੱਖਣ ਵਾਲਾ ਹਰ ਵਿਅਕਤੀ ਇਸ ਅੰਦੋਲਨ ਨੂੰ ਆਪਣਾ ਕਰਮ ਤੇ ਧਰਮ ਸਮਝ ਕੇ ਪੂਰੀ ਸ਼ਿੱਦਤ ਨਾਲ ਜੁਟਿਆ ਹੋਇਆ ਹੈ।

ਪ੍ਰਦੇਸਾਂ ਵਿੱਚ ਵਸਦੇ ਲੋਕ ਜਿਨ੍ਹਾਂ ਦਾ ਦਿਲੋ-ਦਿਮਾਗ ਪੰਜਾਬ ਵਿੱਚ ਧੜਕਦਾ ਹੈ, ਉਨ੍ਹਾਂ ਲੋਕਾਂ ਵੱਲੋਂ ਇਸ ਘੋਲ ਦੀ ਸ਼ਮਾਂ ਨੂੰ ਰੋਸ਼ਨ ਰੱਖਣ ਲਈ ਦਿੱਤਾ ਜਾ ਰਿਹਾ ਯੋਗਦਾਨ ਸ਼ਲਾਘਾ ਯੋਗ ਹੈ। ਖਾਣ-ਪੀਣ ਦੇ ਨਾਲ ਕਿਤੇ ਅੰਬਾਰਾਂ ਦੇ ਅੰਬਾਰ ਕਿਤਾਬਾਂ ਦੇ ਲੰਗਰ, ਕਿਤੇ ਢੇਰਾਂ ਦੇ ਢੇਰ ਦਵਾਈਆਂ ਦੇ ਲੰਗਰ। ਸੜਕਾਂ 'ਤੇ ਖੁੱਲ੍ਹੀ ਲਾਇਬਰੇਰੀ ਦਾ ਅਲੌਕਿਕ ਦ੍ਰਿਸ਼ ਸਕੂਨ ਦੇ ਰਿਹਾ ਸੀ। ਇੰਝ ਜਾਪਦਾ ਸੀ ਜਿਵੇਂ ਅੱਖਰਾਂ ਦੀ ਲੋਅ 'ਚੋਂ ਕਿਸਾਨ ਆਪਣਾ ਮਾਰਗ ਤਲਾਸ਼ ਰਹੇ ਹੋਣ। ਵੱਖਰੀ ਹੀ ਖੁਸ਼ੀ ਵਿੱਚ ਵਿਚਰਦਿਆਂ ਸੱਚ ਦੱਸਾਂ, ਜ਼ਿੰਦਗੀ ਨਾਲ ਖਹਿ ਕੇ ਲੰਘਣ ਵਾਲੇ ਇਨ੍ਹਾਂ ਸੂਰਬੀਰਾਂ ਨੂੰ ਸਲਾਮ ਕਰ ਕੇ ਵਾਪਸ ਆਉਣ ਨੂੰ ਭੋਰਾ ਵੀ ਦਿਲ ਨਹੀਂ ਸੀ ਕਰ ਰਿਹਾ।

# ਅੱਜ ਅੰਬੇਡਕਰ ਹੁੰਦੇ ਤਾਂ ਯੂ ਪੀ ਆਰਡੀਨੈਂਸ ਦੇ ਕਾਰਨ ਉਹ ਵੀ ਜੇਲ੍ਹ ਵਿੱਚ ਹੁੰਦੇ

-ਸਮੀਨਾ ਦਲਵਈ-

14 ਅਕਤੂਬਰ 1956 ਨੂੰ ਨਾਗਪੁਰ ਦੀ ਦੀਕਸ਼ਾ ਭੂਮੀ ਵਿੱਚ ਡਾਕਟਰ ਬਾਬਾ ਸਾਹਿਬ ਅੰਬੇਡਕਰ ਹਿੰਦੂ ਧਰਮ ਨੂੰ ਛੱਡ ਕੇ ਬੁੱਧ ਧਰਮ 'ਚ ਤਬਦੀਲ ਹੋ ਗਏ। ਉਨ੍ਹਾਂ ਦੇ ਨਾਲ ਲੱਗਭਗ 3 ਲੱਖ 65 ਹਜ਼ਾਰ ਹੋਰ ਲੋਕ ਵੀ ਸਨ। ਸਭ ਤੋਂ ਦੁਖੀ ਜਾਤੀ ਗਰੁੱਪ ਦੇ ਨੇਤਾ ਦੇ ਰੂਪ ਵਿੱਚ ਅੰਬੇਡਕਰ ਨੇ ਆਪਣੇ ਪੈਰੋਕਾਰਾਂ ਤੋਂ ਪੁੱਛਿਆ, "ਤੁਹਾਨੂੰ ਉਸ ਪਰਮਾਤਮਾ ਦੀ ਪੂਜਾ ਕਿਉਂ ਕਰਨੀ ਚਾਹੀਦੀ ਹੈ, ਜੋ ਤੁਹਾਨੂੰ ਅਸਵੀਕਾਰ ਕਰਦਾ ਹੈ, ਜੋ ਤੁਹਾਡਾ ਪਰਛਾਵਾਂ ਤੱਕ ਦੇਖਣਾ ਨਹੀਂ ਚਾਹੁੰਦਾ।" ਇਹ ਧਰਮ ਬਦਲਣਾ ਉਨ੍ਹਾਂ ਦੇ ਸਿਆਸੀ ਨਜ਼ਰੀਏ, ਧਰਮਾਂ ਦੇ ਉਨ੍ਹਾਂ ਦੇ ਅਧਿਐਨ ਤੇ ਬੁੱਧ ਧਰਮ 'ਚ ਯਕੀਨ ਦੇ ਤਰਕ ਸੰਗਤ ਦੇ ਰੂਪ 'ਚ ਉਭਰਿਆ। ਅੱਜ ਦੇ ਸਮੇਂ ਵਿੱਚ ਅੰਬੇਡਕਰ ਆਪਣੇ ਕਾਰਜਾਂ ਲਈ ਜੇਲ੍ਹ ਜਾ ਸਕਦੇ ਸਨ। ਇਹ ਧਰਮ ਬਦਲਣ ਬਾਰੇ ਉਤਰ ਪ੍ਰਦੇਸ਼ ਸਰਕਾਰ ਦਾ ਤਾਜ਼ਾ ਲਾਗੂ ਕੀਤਾ ਗਿਆ ਆਰਡੀਨੈਂਸ ਕਹਿੰਦਾ ਹੈ, "ਵੱਡੇ ਪੱਧਰ 'ਤੇ ਧਰਮ ਬਦਲਣ ਲਈ ਸੰਗਠਨ ਆਪਣੀ ਰਜਿਸਟ੍ਰੇਸ਼ਨ ਗੁਆ ਦੇਵੇਗਾ ਤੇ ਇਸ ਦੇ ਗੰਭੀਰ ਨਤੀਜੇ ਭੁਗਤਣੇ ਹੋਣਗੇ।" ਸਥਾਨਕ ਪ੍ਰਸ਼ਾਸਨ ਨੂੰ ਦੋ ਮਹੀਨਿਆਂ ਦਾ ਨੋਟਿਸ ਦਿੱਤਾ ਜਾਣਾ ਚਾਹੀਦਾ ਹੈ, ਜੋ ਇਹ ਤੈਅ ਕਰੇਗਾ ਕਿ ਤੁਹਾਡੇ ਇੱਛਿਤ ਕਾਰਜ ਕਾਨੂੰਨੀ ਹਨ ਜਾਂ ਨਹੀਂ। ਇਹ ਧਰਮ ਬਦਲਣ ਅਤੇ ਉਨ੍ਹਾਂ ਨੂੰ ਤਬਦੀਲ ਕਰਨ ਵਾਲੇ ਵਿਅਕਤੀਆਂ 'ਤੇ ਪ੍ਰਮਾਣ ਦਾ ਸਥਾਨ ਰੱਖਦਾ ਹੈ।

ਅੰਬੇਡਕਰ ਵਾਂਗ ਸੰਸਕ੍ਰਿਤਕ ਵਿਦਵਾਨ ਪੰਡਿਤ ਰਮਾ ਬਾਈ ਜਾਂ ਕਵੀ ਨਾਰਾਇਣ ਵਾਮਨ ਤਿਲਕ ਵਰਗੇ ਮਰਾਠੀ ਬ੍ਰਾਹਮਣਾਂ ਨੇ ਇੱਕ ਵਾਰ ਧਰਮ ਦਾ ਅਧਿਐਨ ਕੀਤਾ ਅਤੇ ਫਿਰ ਸਿਆਸੀ ਜਾਂ ਅਧਿਆਤਮਕ ਕਾਰਨਾਂ ਕਰ ਕੇ ਧਰਮ ਬਦਲ ਲਿਆ ਸੀ। ਇੱਥੋਂ ਤੱਕ ਕਿ ਉਨ੍ਹਾਂ ਆਸ ਅਨੁਸਾਰ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕਾਂ ਨੂੰ ਵੀ ਯੂ ਪੀ ਵਾਲੇ ਆਰਡੀਨੈਂਸ ਨਾਲ ਪ੍ਰੇਸ਼ਾਨ ਕੀਤਾ ਜਾ ਸਕਦਾ ਸੀ, ਫਿਰ ਆਮ ਲੋਕਾਂ ਦਾ ਕੀ, ਜੋ ਬਿਹਤਰ ਜ਼ਿੰਦਗੀ ਦੀ ਆਸ ਨਾਲ ਧਰਮ ਬਦਲ ਸਕਦੇ ਹਨ। ਜੇ ਕੋਈ ਗਰੀਬ ਵਿਅਕਤੀ ਸਿੱਖਿਆ, ਸ਼ਾਨ ਅਤੇ ਮੁੱਢਲੀਆਂ ਸਹੂਲਤਾਂ ਨੂੰ ਹਾਸਲ ਕਰਨ ਲਈ ਈਸਾਈ ਬਣ ਜਾਂਦਾ ਹੈ ਤਾਂ ਯੂ ਪੀ ਵਾਲਾ ਆਰਡੀਨੈਂਸ ਇਸ ਨੂੰ 'ਲਾਲਚ' ਮੰਨਦਾ ਹੈ ਅਤੇ ਉਸ ਨੂੰ ਇੱਕ ਅਪਰਾਧੀ 'ਚ ਬਦਲ ਦਿੰਦਾ ਹੈ।

ਯੂ ਪੀ ਵਾਲੇ ਆਰਡੀਨੈਂਸ 'ਚ ਅਨੁਸੂਚਿਤ ਜਾਤੀ/ ਅਨੁਸੂਚਿਤ ਕਬੀਲੇ ਅਤੇ ਔਰਤਾਂ ਦਾ ਵਿਸ਼ੇਸ਼ ਵਰਣਨ ਕੀਤਾ ਗਿਆ ਹੈ, ਜਿਨ੍ਹਾਂ ਦੇ ਧਰਮ ਬਦਲਣ 'ਤੇ ਸਖ਼ਤ ਤੋਂ ਸਜ਼ਾ ਹੋਵੇਗੀ। ਡਾਕਟਰ ਅੰਬੇਡਕਰ ਦੇ ਬੁੱਧ ਧਰਮ ਦਾ ਪਾਲਣ ਕਰਨ ਵਾਲੇ ਵਧੇਰੇ ਲੋਕ ਮਹਾਰ ਜਾਤੀ ਦੇ ਸਨ ਅਤੇ ਉਨ੍ਹਾਂ 'ਚੋਂ ਲੱਗਭਗ ਅੱਧੀਆਂ ਔਰਤਾਂ ਸਨ। ਨਿਸ਼ਚਿਤ ਤੌਰ 'ਤੇ ਇਹ ਗਰੀਬੀ ਅਤੇ ਸਿੱਖਿਆ ਤੱਕ ਪਹੁੰਚ ਦੀ ਘਾਟ ਦੇ ਕਾਰਨ ਇੱਕ ਕਮਜ਼ੋਰ ਆਬਾਦੀ ਹੈ। ਕੀ ਕਾਨੂੰਨ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਪਸੰਦ 'ਚ ਕੋਈ ਏਜੰਸੀ ਨਹੀਂ ਜਾਂ ਉਨ੍ਹਾਂ ਨੂੰ ਸਮਝ 'ਚ ਨਹੀਂ ਆ ਰਿਹਾ ਕਿ ਉਨ੍ਹਾਂ ਲਈ ਕੀ ਬਿਹਤਰ ਹੈ।

ਭਾਰਤ 'ਚ ਇਸਲਾਮ ਅਤੇ ਈਸਾਈ ਧਰਮ ਦੇ ਆਗਮਨ ਪਿੱਛੋਂ ਹੇਠਲੀ ਜਾਤੀ ਦੇ ਲੋਕਾਂ ਨੇ ਆਪਣੀ ਸਮਾਜਿਕ ਸਥਿਤੀ ਨੂੰ ਅਪ੍ਰਵਾਨ ਕਰਨ ਅਤੇ ਮਨੁੱਖ ਦੇ ਰੂਪ 'ਚ ਰੁਤਬਾ ਹਾਸਲ ਕਰਨ ਦੇ ਲਈ ਧਰਮ ਬਦਲਿਆ ਸੀ। ਇਸ ਬਾਰੇ 15ਵੀਂ ਸਦੀ ਦੇ ਸੰਤ ਰਵਿਦਾਸ ਮਹਾਰਾਜ ਨੇ ਆਪਣੀ ਰਚਨਾ 'ਬੇਗਮਪੁਰਾ' 'ਚ 'ਇੱਕ ਭੂਮੀ ਬਿਨਾਂ ਦੁੱਖ ਦੇ' ਦਾ ਵਰਣਨ ਕੀਤਾ। ਕਬੀਰ ਅਤੇ ਰਵਿਦਾਸ ਜੀ ਯੂ ਪੀ 'ਚ ਦੋਵੇਂ ਹੀ ਸਮਕਾਲੀ ਸਨ। ਉਸ ਸਮੇਂ ਇਸਲਾਮ ਦੇ ਭਾਈਚਾਰੇ ਅਤੇ ਕਰੁਣਾ ਦੀ ਵਿਚਾਰਧਾਰਾ ਨੇ ਹੇਠਲੀਆਂ ਜਾਂਦੀਆਂ ਨੂੰ ਆਕਰਸ਼ਿਤ ਕੀਤਾ। ਉਤਰ ਭਾਰਤ 'ਚ ਸੂਫੀ ਅੰਦੋਲਨ ਉਦਾਰਵਾਦੀ ਧਾਰਮਿਕ ਤਾਕਤਾਂ ਲਈ ਸਿਖਰ ਬਿੰਦੂ ਉਤੇ ਸੀ। ਯੂ ਪੀ ਆਰਡੀਨੈਂਸ ਦਾ ਦੂਸਰਾ ਮੁੱਖ ਟੀਚਾ ਮੁਸਲਿਮ ਮਰਦ ਹਨ ਜੋ ਔਰਤਾਂ ਦੇ ਧਰਮ ਤਬਦੀਲ ਕਰ ਰਹੇ ਹਨ। ਇਹ ਇੱਥੋਂ ਤੱਕ ਯੂ ਪੀ 'ਚ 1920 'ਚ ਵੀ ਜਾਰੀ ਸੀ ਜਿਵੇਂ ਕਿ ਇਤਿਹਾਸਕਾਰ ਚਾਰੂ ਗੁਪਤਾ ਨੇ ਵਰਣਨ ਕੀਤਾ ਹੈ। ਉਨ੍ਹਾਂ ਦੇ ਅਨੁਸਾਰ ਖਾਸ ਤੌਰ 'ਤੇ ਜਦੋਂ ਦਲਿਤ ਔਰਤਾਂ ਨੇ ਧਰਮ ਤਬਦੀਲ ਸ਼ੁਰੂ ਕੀਤਾ ਅਤੇ ਮੁਸਲਿਮ ਮਰਦਾਂ ਨਾਲ ਵਿਆਹ ਕਰਨਾ ਸ਼ੁਰੂ ਕੀਤਾ, ਉਨ੍ਹਾਂ 'ਚ ਦਰਦਨਾਕ ਰੋਜ਼ਾਨਾ ਦੀ ਜ਼ਿੰਦਗੀ ਤੋਂ ਬਚਣ ਦੀ ਇੱਛਾ ਸੀ। 'ਚਾਂਦ' ਅਤੇ 'ਅਭਯੂਦਯ' ਵਰਗੀਆਂ ਪੱਤ੍ਰਿਕਾਵਾਂ ਨੇ ਬਾਈਕਾਟ ਕੀਤੀਆਂ ਔਰਤਾਂ ਦੇ ਬਿਹਤਰ ਜੀਵਨ ਦੀ ਵਕਾਲਤ ਕੀਤੀ ਜੋ ਮੁਸਲਿਮ ਮਰਦਾਂ ਨਾਲ ਵਿਆਹ ਕਰਦੀਆਂ ਹਨ ਅਤੇ ਗਊ ਹੱਤਿਆਰਿਆਂ ਨੂੰ ਪੈਦਾ ਕਰਦੀਆਂ ਹਨ।

ਹਿੰਦੂ ਮਹਾਸਭਾ ਨੇ ਹੇਠਲੀ ਜਾਤੀ ਦੀਆਂ ਔਰਤਾਂ ਦੇ ਧਰਮ ਬਦਲਣ ਨੂੰ ਰੋਕਿਆ ਤੇ ਉਨ੍ਹਾਂ ਦੇ ਵਿਆਹ ਉਚੀ ਜਾਤੀ ਦੇ ਹਿੰਦੂ ਲੜਕਿਆਂ ਨਾਲ ਕੀਤੇ। ਬ੍ਰਿਟਿਸ਼ ਮਰਦਮ ਸ਼ੁਮਾਰੀ ਨੇ ਧਰਮ ਦੇ ਦੁਆਰਾ ਆਬਾਦੀ ਦੀ ਗਣਨਾ ਸ਼ੁਰੂ ਕਰ ਦਿੱਤੀ ਤੇ ਸੰਖਿਆ ਅਤੇ ਸੰਭਾਵਿਤ ਬੱਚੇ ਪੈਦਾ ਕਰਨ ਵਾਲੀਆਂ ਔਰਤਾਂ ਦੇ ਨੁਕਸਾਨ ਨੂੰ ਰੋਕਣ ਲਈ ਦਲਿਤ ਔਰਤਾਂ ਮਹੱਤਵਪੂਰਨ ਹੋ ਗਈਆਂ। ਅਸਲੀ ਕਲੇਸ਼ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ 'ਚ ਨਹੀਂ, ਜਿਵੇਂ ਕਿ ਡਾਕਟਰ ਰਾਮ ਮਨੋਹਰ ਲੋਹੀਆ ਨੇ ਆਪਣੇ ਸੈਮੀਨਾਰ ਲੇਖ 'ਹਿੰਦੂ ਬਨਾਮ ਹਿੰਦੂ' ਵਿੱਚ ਲਿਖਿਆ, "ਭਾਰਤੀ ਇਤਿਹਾਸ 'ਚ ਸਭ ਤੋਂ ਵੱਡੀ ਜੰਗ ਰੂੜੀਵਾਦੀ ਅਤੇ ਉਦਾਰਵਾਦੀ ਤਾਕਤਾਂ ਦਰਮਿਆਨ ਸੰਘਰਸ਼ ਬਾਰੇ ਹੈ ਜੋ ਪਿਛਲੇ 5000 ਸਾਲਾਂ ਤੋਂ ਜਾਰੀ ਹੈ। ਕਲੇਸ਼ ਦੇ ਮੁੱਖ ਮੁੱਦੇ ਜਾਤੀ ਵਰਗ, ਔਰਤ ਅਤੇ ਸਹਿਣਸ਼ੀਲਤਾ ਹੈ।"

ਦਲਿਤ ਮਹਿਲਾ ਸਪੀਕ ਆਊਟ (2014) 500 ਇੰਟਰਵਿਊਜ਼ ਰਾਹੀਂ ਲਿਖਤੀ, ਜ਼ੁਬਾਨੀ, ਸਰੀਰਕ ਅਤੇ ਸੈਕਸ ਹਿੰਸਾਂ ਦੀ ਰਿਪੋਰਟ ਹੈ। ਉਚ ਜਾਤੀ ਦੇ ਅਪਰਾਧੀਆਂ ਨਾਲ ਅਕਸਰ ਕਾਨੂੰਨੀ ਪ੍ਰਣਾਲੀ ਦੇ ਟਕਰਾਅ ਦੇ ਬਾਵਜੂਦ, ਦਲਿਤ ਔਰਤ ਹਿੰਸਾ ਦੇ ਵਿਰੁੱਧ ਆਵਾਜ਼ ਉਠਾਉਂਦੀ ਹੈ। ਜਾਤੀਗਤ ਬੇਇਨਸਾਫੀ ਨੂੰ ਪ੍ਰਵਾਨ ਕਰਨ ਤੋਂ ਨਾਂਹ ਕਰਨ ਉਤੇ ਉਹ ਯਕੀਨ ਰੱਖਦੀ ਹੈ ਕਿ ਲੋਕਤੰਤਰ ਸਮਾਜ ਦੇ ਸਭ ਤੋਂ ਹੇਠਲੇ ਸਥਾਨ 'ਤੇ ਰਹਿਣ ਵਾਲਿਆਂ ਲਈ ਵੀ ਨਿਆਂ ਅਤੇ ਸਮਾਨਤਾ ਪੇਸ਼ ਕਰਦਾ ਹੈ। ਇਸ ਅਰਥ 'ਚ ਦਲਿਤ ਔਰਤਾਂ ਭਾਰਤੀ ਸੰਵਿਧਾਨਿਕਤਾ ਦੇ ਸੱਚੇ ਨਾਗਰਿਕ ਦੇ ਰੂਪ 'ਚ ਉਭਰਦੀਆਂ ਹਨ। ਇਹ ਮਹੱਤਵ ਪੂਰਨ ਹੈ ਕਿ ਭਾਰਤੀ ਸੰਵਿਧਾਨ ਦੇ ਜਨਕ ਬਾਬਾ ਸਾਹਿਬ ਅੰਬੇਡਕਰ ਨੇ 1927 'ਚ 'ਮਨੂ ਸਮ੍ਰਿਤੀ' ਨੂੰ ਜਨਤਕ ਤੌਰ 'ਤੇ ਸਾੜਿਆ ਸੀ ਅਤੇ ਧਾਰਮਿਕ ਗ੍ਰੰਥਾਂ ਨੂੰ ਸੰਵਿਧਾਨ ਦੀ ਨਵੀਂ ਪੁਸਤਕ ਦੇ ਨਾਲ ਬਦਲਣਾ ਚਾਹੁੰਦੇ ਸਨ।

ਅੱਜ ਦਾ ਸੰਘਰਸ਼ ਉਹੋ ਜਿਹਾ ਹੀ ਹੈ ਜਿਵੇਂ ਕਦੇ ਹੁੰਦਾ ਸੀ। ਰੂੜੀਵਾਦੀ ਅਤੇ ਪ੍ਰਗਤੀਵਾਦੀਆਂ ਦੇ ਦਰਮਿਆਨ ਅੱਜ ਨੌਜਵਾਨ ਪੀੜ੍ਹੀ ਸੁਤੰਤਰ ਤੌਰ 'ਤੇ ਜਿਊਣਾ ਚਾਹੁੰਦੀ ਹੈ, ਪੁਰਾਣੀ ਪੀੜ੍ਹੀ ਕੰਟਰੋਲ ਬਣਾਈ ਰੱਖਣਾ ਚਾਹੁੰਦੀ ਹੈ ਅਤੇ ਆਪਣਾ ਪਰਵਾਰ ਬਣਾਉਣਾ ਚਾਹੁੰਦੀ ਹੈ। ਉਚ ਜਾਤੀ ਨਿਆਂ ਅਤੇ ਬਰਾਬਰੀ ਦੀ ਤਲਾਸ਼ ਕਰਦੀ ਹੈ ਅਤੇ ਹੇਠਲੀਆਂ ਜਾਤੀਆਂ ਨਿਆਂ ਅਤੇ ਬਰਾਬਰੀ ਨੂੰ ਲੱਭਦੀਆਂ ਹਨ। ਇਸ ਲੜਾਈ ਦੀ ਜੜ੍ਹ 'ਚ ਹੈ 'ਮਨੂ' ਦਾ ਕੋਡ ਜਾਂ ਫਿਰ ਅੰਬੇਡਕਰ ਦਾ ਸੰਵਿਧਾਨ, ਸੋ ਸਾਨੂੰ ਸੋਚਣਾ ਪਵੇਗਾ ਕਿ ਇਨ੍ਹਾਂ ਦੋਵਾਂ 'ਚੋਂ ਅਸੀਂ ਕਿਸ ਨੂੰ ਚੁਣਨਾ ਹੈ?

# ਵਿਅੰਗ: ਮਹਾਮਾਰੀ ਵਿੱਚ ਮੌਕੇ ਤਲਾਸ਼ਦੇ ਨਕਲਚੀ

-ਆਲੋਕ ਪੁਰਾਣਿਕ-

ਕੋਰੋਨਾ ਤੋਂ ਦੁਖੀ ਪਬਲਿਕ ਨੇ ਕ੍ਰਿਕਟ ਆਈ ਪੀ ਐੱਲ ਬਹੁਤ ਦੇਖਿਆ। ਟੀ ਵੀ 'ਤੇ ਦਰਸ਼ਕ ਗਿਣਤੀ ਦੇ ਰਿਕਾਰਡ ਟੁੱਟ ਗਏ। ਪ੍ਰਸਾਰਕ ਦੀ ਝੋਲੀ ਭਰ ਗਈ ਤਾਂ ਜ਼ਾਹਿਰ ਹੈ ਉਸ ਦੀ ਮੁਸਕਾਨ ਚੌੜੀ ਹੋ ਗਈ ਹੋਵੇਗੀ, ਪਰ ਮੈਂ ਸੋਚਾਂ ਵਿੱਚ ਪੈ ਗਿਆ ਕਿ ਆਈ ਪੀ ਐੱਲ ਦੇ ਕਾਰੋਬਾਰੀ ਦੁਆ ਨਾ ਕਰਨ ਲੱਗ ਜਾਣ ਕਿ ਹਰ ਸਾਲ ਕੁਝ ਇਸੇ ਤਰ੍ਹਾਂ ਦਾ ਮਾਮਲਾ ਬਣ ਜਾਏ। ਆਖਿਰ ਕੋਰੋਨਾ ਟਾਈਪ ਹਾਲਾਤ ਵਿੱਚ ਆਈ ਪੀ ਐੱਲ ਕ੍ਰਿਕਟ ਜੇ ਧੂੰਆਂਧਾਰ ਕਮਾਈ ਦੇ ਗਿਆ, ਤਾਂ ਕੋਰੋਨਾ ਦੀ ਕਾਮਨਾ ਕੋਈ ਕਿਉਂ ਨਾ ਕਰੇ। ਕੈਮਿਸਟ ਤੇ ਹਸਪਤਾਲਾਂ ਦੇ ਬਾਅਦ ਆਈ ਪੀ ਐੱਲ ਵਾਲੇ ਕੋਰੋਨਾ ਦੇ ਲਾਭ ਲੈਣ ਵਾਲਿਆਂ ਵਿੱਚ ਸ਼ਾਮਲ ਹੋ ਗਏ। ਕੋਰੋਨਾ ਦਾ ਟੀਕਾ ਵਿਕਸਤ ਕਰਨ ਵਾਲੇ ਚਿੰਤਾ ਪ੍ਰਗਟਾ ਰਹੇ ਹਨ ਕਿ ਕਿਤੇ ਟੀਕੇ ਤੋਂ ਪਹਿਲਾਂ ਹੀ ਕੋਰੋਨਾ ਵਿਦਾ ਹੋ ਗਿਆ ਤਾਂ ਫਿਰ ਉਨ੍ਹਾਂ ਦੇ ਇਨਵੈਸਟਮੈਂਟ ਦਾ ਕੀ ਹੋਵੇਗਾ?

ਅਸਲੀ ਦੇ ਨਾਂਅ 'ਤੇ ਨਕਲੀ ਵੇਚਣ ਵਾਲਿਆਂ ਦੀਆਂ ਵਾਛਾਂ ਖਿੜੀਆਂ ਹੋਈਆਂ ਹਨ। ਅਜਿਹੇ ਹੀ ਇੱਕ ਨਕਲਚੀ ਨੇ ਕਿਹਾ ਕਿ ਜਿੰਨੀ ਅਸਲੀ ਵੈਕਸੀਨ ਵਿਕੇਗੀ, ਉਸ ਤੋਂ ਕਈ ਗੁਣਾ ਅਸੀਂ ਨਕਲੀ ਵੇਚਾਂਗਾ ਅਤੇ ਲੋਕਾਂ ਨੂੰ ਅਸਲੀ ਵੈਕਸੀਨ ਤੋਂ ਹੋਣ ਵਾਲੇ ਸਾਈਡ ਇਫੈਕਟ ਦੀ ਟੈਨਸ਼ਨ ਵੀ ਨਹੀਂ ਲੈਣੀ ਪਵੇਗੀ। ਅਸਲ ਵਿੱਚ ਕੋਰੋਨਾ ਵੈਕਸੀਨ ਤੋਂ ਜਿੰਨੀ ਉਮੀਦ ਪਬਲਿਕ ਨੇ ਨਹੀਂ ਲਾਈ, ਉਸ ਤੋਂ ਜ਼ਿਆਦਾ ਨਕਲਚੀਆਂ ਨੇ ਲਾਈ ਹੋਈ ਹੈ। ਪੂਰੀਆਂ ਤਿਆਰੀਆਂ ਹਨ। ਇਸ ਮੁਲਕ ਦੇ ਨਕਲਚੀ ਇੰਨੇ ਸਮਾਰਟ ਹਨ ਕਿ ਕਿਤੇ ਇਹ ਲੋਕ ਵੈਕਸੀਨ ਹੀ ਪਹਿਲਾਂ ਨਾ ਉਤਾਰ ਦੇਣ। ਕੋਰੋਨਾ ਵੈਕਸੀਨ ਵਿੱਚ ਕਿਸੇ ਦਾ 95 ਫੀਸਦੀ ਰਿਜ਼ਲਟ ਹੈ, ਕਿਸੇ ਦਾ ਨੱਬੇ ਫੀਸਦੀ। ਕੋਰੋਨਾ ਦੀ ਨਕਲੀ ਵੈਕਸੀਨਾਂ ਵਿੱਚ 2900 ਫੀਸਦੀ ਰਿਜ਼ਲਟ ਆਏਗਾ। ਮੈਨੂੰ ਅਜਿਹੇ ਇੱਕ ਨਕਲਚੀ ਨੇ ਦੱਸਿਆ ਕਿ 100 ਦਾ ਮਾਲ 3000 ਦਾ ਵਿਕੇਗਾ। ਬੜੇ ਆਸ਼ਾਵਾਦੀ ਹਨ ਲੋਕ। ਕੋਰੋਨਾ ਵਾਇਰਸ ਜੇ ਸੁਣ ਰਿਹਾ ਹੈ ਤਾਂ ਸਮਝ ਸਕਦਾ ਹੈ ਕਿ ਹਰ ਕੋਈ ਉਸ ਦਾ ਬੁਰਾ ਨਹੀਂ ਸੋਚਦਾ।

ਭਾਰਤੀਆਂ ਨੂੰ ਸਮਝਣਾ ਆਸਾਨ ਨਹੀਂ। ਕੋਰੋਨਾ ਦੀ ਚਿੰਤਾ ਹੈ, ਪਰ ਆਈ ਪੀ ਐੱਲ ਕ੍ਰਿਕਟ 'ਤੇ ਵੀ ਧਿਆਨ ਪੂਰਾ ਦਿੱਤਾ। ਉਸ ਦੇ ਬਾਅਦ ਸੈਲੇਬ੍ਰਿਟੀ ਵੀ ਘੱਟ ਨਹੀਂ। ਇੱਕ ਸੈਲੇਬ੍ਰਿਟੀ ਨੂੰ ਗਾਂਜੇ ਨਾਲ ਗ੍ਰਿਫਤਾਰ ਕੀਤਾ ਗਿਆ ਤਾਂ ਉਹ ਵੀ ਕੋਰੋਨਾ ਬਾਰੇ ਚਿੰਤਤ ਦਿਸੀ ਅਤੇ ਮਾਸਕ ਲਾ ਕੇ ਗ੍ਰਿਫਤਾਰ ਹੋਈ। ਗਾਂਜਾ ਸਿਹਤ ਨੂੰ ਨੁਕਸਾਨ ਪਹੁੰਚਾ ਦੇਵੇ, ਪਰ ਕੋਰੋਨਾ ਨੂੰ ਨੁਕਾਸਨ ਨਹੀਂ ਕਰਨ ਦੇਣਗੇ। ਗਾਂਜੇ ਦਾ ਦਮ ਵੀ ਮਾਸਕ ਲਾ ਕੇ ਹੀ ਲਾਇਆ ਜਾਏ ਅਤੇ ਕੋਰੋਨਾ ਚੇਤਨਾ ਕੀ ਹੁੰਦੀ ਹੈ, ਇਸ ਚੇਤਨਾ ਦਾ ਇਸਤੇਮਾਲ ਹੋਣਾ ਚਾਹੀਦਾ ਹੈ। ਇਨ੍ਹਾਂ ਸੈਲੇਬ੍ਰਿਟੀ ਨੂੰ ਇਸ਼ਤਿਹਾਰ ਵਿਚ ਦਿਖਾਇਆ ਜਾਏ-ਗਾਂਜਾ ਫੂਕਦੇ ਹੋਏ, ਫਿਰ ਮਾਸਕ ਲਾਉਂਦੇ ਹੋਏ, ਮਾਸਕ ਉਤਾਰ ਕੇ ਫਿਰ ਗਾਂਜਾ ਫੂਕਦੇ ਹੋਏ-ਮਾਸਕ ਹੈ ਜ਼ਰੂਰੀ-ਦਾ ਸੰਦੇਸ਼ ਨਾਲ ਚੱਲੇ। ਕੋਰੋਨਾ ਦੀ ਚਿੰਤਾ ਨਾਲ ਚੱਲਦੀ ਹੈ, ਗਾਂਜਾ ਵੀ ਨਾਲ ਚੱਲਦਾ ਹੈ। ਗਾਂਜੇ ਦੀ ਤਲਬ ਤੇ ਮਾਸਕ ਚੇਤਨਾ ਨਾਲ ਹੀ ਚੱਲਦੀ ਹੈ।

ਗਾਂਜਾ ਫੂਕਣ ਵਾਲਿਆਂ ਨੂੰ ਕੀ ਚਿੰਤਾ ਫੇਫੜਿਆਂ ਦੀ, ਪਰ ਕੋਰੋਨਾ ਮਾਸਕ ਦੀ ਚੇਤਨਾ ਹੈ, ਫੇਫੜੇ ਤਬਾਹ ਹੋਣ ਤਾਂ ਗਾਂਜੇ ਨਾਲ ਹੋਣ, ਕੋਰੋਨਾ ਨੂੰ ਤਬਾਹੀ ਨਹੀਂ ਮਚਾਉਣ ਦੇਣਗੇ। ਕਾਮੇਡੀਅਨ ਦੀ ਗ੍ਰਿਫਤਾਰੀ ਗਾਂਜੇ ਦੇ ਚੱਕਰ ਵਿੱਚ ਹੋਵੇ ਤਾਂ ਸੋਚਣਾ ਪੈਂਦਾ ਹੈ ਕਿ ਹੱਸਣ-ਹਸਾਉਣ ਵਾਲੇ ਲੋਕ ਵੀ ਗਾਂਜੇ ਦੇ ਚੱਕਰ ਵਿੱਚ ਕਿਉਂ ਪੈਂਦੇ ਹਨ। ਜਵਾਬ ਮਿਲ ਸਕਦਾ ਹੈ ਕਿ ਜਿਵੇਂ ਚੁਟਕਲਿਆਂ 'ਤੇ ਹੱਸਣ-ਹਸਾਉਣ ਦੀ ਕੋਸ਼ਿਸ਼ ਕਈ ਕਾਮੇਡੀਅਨ ਕਰਦੇ ਹਨ, ਉਨ੍ਹਾਂ 'ਤੇ ਹੱਸਣ ਦੇ ਲਈ ਸੁਣਨ ਵਾਲਿਆਂ ਦਾ ਵੀ ਗਾਂਜਾ ਪੀਣਾ ਜ਼ਰੂਰੀ ਹੈ। ਆਮ ਆਦਮੀ ਚੁਟਕਲਿਆਂ 'ਤੇ ਹੱਸ ਨਹੀਂ ਸਕਦਾ। ਜਿਨ੍ਹਾਂ ਔਰਤਾਂ ਦਾ ਕਿਸੇ ਰੋਗ, ਕਿਸੇ ਕਮਜ਼ੋਰੀ ਦਾ ਪੁਰਜ਼ੋਰ ਮਜ਼ਾਕ ਉਡਾਇਆ ਜਾਏ, ਉਨ੍ਹਾਂ 'ਤੇ ਹੱਸਣ ਲਈ ਅਣਮਨੁੱਖਤਾ ਦਾ ਅੰਸ਼ ਜ਼ਰੂਰੀ ਹੈ, ਇਹ ਅੰਸ਼ ਗਾਂਜੇ ਜਾਂ ਚਰਸ ਤੋਂ ਆ ਸਕਦਾ ਹੈ। ਕਾਮੇਡੀਅਨਾਂ ਦਾ ਗਾਂਜਾ ਲਾਉਣਾ ਏਦਾਂ ਸਮਝ ਵਿੱਚ ਆ ਸਕਦਾ ਹੈ।

ਇਧਰ ਗੌਰ ਨਾਲ ਦੇਖੋ ਤਾਂ ਕਈ ਤਰ੍ਹਾਂ ਦੇ ਅਪਰਾਧੀ ਮਾਸਕ ਲਾ ਕੇ ਫੋਟੋ ਖਿਚਵਾਉਂਦੇ ਹਨ। ਮਾਸਕ ਲਾ ਕੇ ਫੋਟੋ ਖਿਚਾਉਣ ਨਾਲ ਅਪਰਾਧੀ ਇਕਦਮ ਜਾਗਰੂਕ ਟਾਈਪ ਲੱਗਦਾ ਹੈ ਤੇ ਇੱਕ ਤਰ੍ਹਾਂ ਉਸ ਦੀ ਬਚਤ ਵੀ ਹੋ ਜਾਂਦੀ ਹੈ, ਕੋਈ ਪੂਰੀ ਤਰ੍ਹਾਂ ਪਛਾਣ ਨਹੀਂ ਸਕਦਾ। ਇਸ ਤਰ੍ਹਾਂ ਨਾਲ ਅੱਜ ਦਾ ਮਾਸਕਧਾਰੀ ਜੇਬਕਤਰਾ ਕੱਲ੍ਹ ਵਿਧਾਇਕ ਬਣਨ ਦੀ ਤਿਆਰੀ ਕਰ ਸਕਦਾ ਹੈ। ਕਾਮੇਡੀਅਨ ਵੀ ਮਾਸਕ ਵਿੱਚ, ਨੇਤਾ ਵੀ ਮਾਸਕ ਵਿੱਚ, ਆਮ ਆਦਮੀ ਵੀ ਮਾਸਕ ਵਿੱਚ ਹੈ, ਬੱਸ ਕੋਰੋਨਾ ਵਾਇਰਸ ਖੁੱਲ੍ਹੇਆਮ ਘੁੰਮ ਰਿਹਾ ਹੈ। ਕਿਉਂਕਿ ਸਾਲ ਖਤਮ ਹੋਣ ਵਾਲਾ ਹੈ ਤਾਂ ਸਾਲ ਦੇ ਤਮਾਮ ਪਹਿਲੂਆਂ ਦੀ ਚਰਚਾ ਵੀ ਸੁਭਾਵਿਕ ਹੋਵੇਗੀ। ਅਜਿਹੇ ਵਿੱਚ 2020 ਦਾ ਵਰਡ ਆਫ ਦ ਈਅਰ, ਸੈਲੇਬ੍ਰਿਟੀ ਆਫ ਦਿ ਈਅਰ ਦਾ ਖਿਤਾਬ ਕੋਰੋਨਾ ਦੀ ਝੋਲੀ ਵਿੱਚ ਹੀ ਜਾਏਗਾ। ਜਿਵੇਂ ਕਵੀ ਤੇ ਨੇਤਾ ਮੰਚ ਛੱਡਣ ਨੂੰ ਤਿਆਰ ਨਹੀਂ ਹੁੰਦੇ, ਉਵੇਂ ਹੀ ਇਹ ਮੋਇਆ ਵਾਇਰਸ ਵੀ ਪਿੱਛਾ ਛੱਡਣ ਦਾ ਨਾਂਅ ਨਹੀਂ ਲੈ ਰਿਹਾ।

## ਮਿੰਨੀ ਕਹਾਣੀ

### ਸਰਕਾਰੀ ਟੂਟੀ ਦਾ ਪਾਣੀ

-ਦੂਲੀਚੰਦਰ ਜੈਨ

ਦੋ ਔਰਤਾਂ ਸਰਕਾਰੀ ਟੂਟੀ ਤੋਂ ਪਾਣੀ ਭਰ ਰਹੀਆਂ ਸਨ। ਇੱਕ ਨੇ ਟੂਟੀ ਦੇ ਹੇਠਾਂ ਆਪਣੀ ਬਾਲਟੀ ਭਰਨ ਨੂੰ ਰੱਖੀ ਸੀ, ਉਦੋਂ ਹੀ ਇੱਕ ਤੀਸਰੀ ਔਰਤ ਦੋ ਖਾਲੀ ਘੜੇ ਚੁੱਕ ਕੇ ਉਥੇ ਆਈ।

"ਕੱਲ੍ਹ ਤਾਂ ਸਾਰਾ ਦਿਨ ਪਾਣੀ ਆਇਆ ਹੀ ਨਹੀਂ।" ਉਸ ਨੇ ਆਉਂਦੇ ਹੀ ਉਲਾਂਭੇ ਭਰੇ ਸੁਰ 'ਚ ਕਿਹਾ ਸੀ।

"ਮੇਰੇ ਤਾਂ ਰਾਤ ਦੇ ਜੂਠੇ ਭਾਂਡੇ ਅਜੇ ਪਏ ਹਨ। ਹੁਣ ਜਾ ਕੇ ਧੋਵਾਂਗੀ।" ਉਨ੍ਹਾਂ 'ਚੋਂ ਇੱਕ ਨੇ ਦੱਸਿਆ।

"ਪਾਣੀ ਕਿੰਨਾ ਕੀਮਤੀ ਹੈ। ਬੋਤਲਾਂ 'ਚ ਸ਼ਹਿਰਾਂ 'ਚ ਵਿਕਣ ਵਾਲਾ ਪਾਣੀ ਕਿੰਨਾ ਮਹਿੰਗਾ ਹੈ।" ਉਨ੍ਹਾਂ 'ਚੋਂ ਇੱਕ ਨੇ ਹੈਰਾਨੀ ਪ੍ਰਗਟਾਈ ਸੀ।

"ਪਾਣੀ ਤੋਂ ਬਿਨਾਂ ਸਾਰੇ ਕੰਮ ਅਧੂਰੇ ਰਹਿ ਜਾਂਦੇ ਹਨ ਸਾਡੇ।" ਇਕੋ ਸੁਰ 'ਚ ਤਿੰਨਾਂ ਨੇ ਰਾਗ ਅਲਾਪਿਆ ਸੀ।

ਸਰਕਾਰੀ ਟੂਟੀ ਦਾ ਬੇਸ਼ਕੀਮਤੀ ਪਾਣੀ ਬਾਲਟੀ ਭਰ ਜਾਣ ਤੋਂ ਬਾਅਦ ਐਵੇਂ ਵੇਸਟ ਵਗੀ ਜਾ ਰਿਹਾ ਸੀ, ਪਰ ਤਿੰਨੇ ਔਰਤਾਂ ਗੱਲਾਂ 'ਚ ਅਜਿਹੀਆਂ ਗੁਆਚੀਆਂ ਸਨ ਕਿ ਉਨ੍ਹਾਂ ਨੂੰ ਜ਼ਰਾ ਵੀ ਇਸ ਗੱਲ ਦੀ ਚਿੰਤਾ ਨਹੀਂ ਸੀ। ਪਾਣੀ ਵਗ-ਵਗ ਕੇ ਸੜਕ ਨੂੰ ਗਿੱਲਾ ਕਰਨ ਲੱਗਾ ਸੀ। ਭਲਾ ਉਨ੍ਹਾਂ ਨੂੰ ਚਿੰਤਾ ਕਿਉਂ ਹੁੰਦੀ? ਸਰਕਾਰੀ ਟੂਟੀ ਦਾ ਪਾਣੀ ਸੀ, ਜੋ ਉਨ੍ਹਾਂ ਨੂੰ ਮੁਫਤ 'ਚ ਮਿਲ ਰਿਹਾ ਸੀ।

# ਪੰਜਾਬ ਵਿੱਚ ਭਾਜਪਾ ਦੇ ਹਕੂਮਤੀ ਸੁਫਨਿਆਂ ਵਿੱਚ ਖੇਤੀਬਾੜੀ ਕਾਨੂੰਨ ਅੜਿੱਕਾ ਬਣੇ

ਚੰਡੀਗੜ੍ਹ, 30 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਅਤੇ ਹੋਰ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਮਜ਼ਬੂਤ ਸੱਤਾਧਾਰੀ ਹੋਣ ਦੇ ਬਾਵਜੂਦ ਪੰਜਾਬ ਵਿੱਚ ਇਹ ਪਾਰਟੀ ਅਜੇ ਤੱਕ ਪੈਰ ਨਹੀਂ ਜਮਾ ਸਕੀ। ਇਸ ਸਾਲ ਵਿੱਚ ਅਕਾਲੀ ਦਲ ਨਾਲੋਂ ਤੋੜ-ਵਿਛੋੜਾ ਕਰਨ ਤੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਚੱਲ ਪਏ ਕਿਸਾਨ ਅੰਦੋਲਨ ਨੇ ਪੰਜਾਬ ਵਿੱਚ ਇਸ ਪਾਰਟੀ ਲਈ ਕਈ ਹੋਰ ਨਵੇਂ ਅੜਿੱਕੇ ਖੜੇ ਕਰ ਦਿੱਤੇ ਹਨ।



ਤਾਜ਼ਾ ਹਾਲਾਤ ਤੋਂ ਜਾਪਦਾ ਹੈ ਕਿ ਪੰਜਾਬ ਦੀ ਸੱਤਾ ਉੱਤੇ ਕਾਬਜ਼ ਹੋਣ ਦੇ ਸੁਫਨੇ ਲੈਣ ਵਾਲੀ ਭਾਜਪਾ ਲਈ ਇਸ ਸਾਲ ਦੌਰਾਨ ਪਾਰਲੀਮੈਂਟ ਵੱਲੋਂ ਪਾਸ ਕੀਤੇ ਤਿੰਨ ਖੇਤੀਬਾੜੀ ਕਾਨੂੰਨ ਸਿਆਸੀ ਤੌਰ ਉਤੇ ਭਾਰੀ ਪੈ ਸਕਦੇ ਹਨ। ਅਕਾਲੀ ਦਲ ਨਾਲ ਕਰੀਬ ਢਾਈ ਦਹਾਕਿਆਂ ਦੀ ਸਿਆਸੀ ਸਾਂਝ ਟੁੱਟਣ ਪਿੱਛੋਂ ਇਹ ਪਾਰਟੀ ਪੰਜਾਬ ਵਿੱਚ ਆਪਣੇ ਦਮ ਉਤੇ ਚੋਣਾਂ ਲੜਨ ਦੀ ਤਿਆਰੀ ਸ਼ੁਰੂ ਕਰਨ ਲੱਗ ਪਈ ਸੀ ਕਿ ਖੇਤੀ ਕਾਨੂੰਨਾਂ ਵਿਰੁੱਧ ਉਠੇ ਰੋਹ ਨੇ ਇਸ ਦੀਆਂ ਸਭ ਗਿਣਤੀਆਂ-ਮਿਣਤੀਆਂ ਹਿਲਾ ਦਿੱਤੀਆਂ ਹਨ। ਇਸ ਵਕਤ ਜਦੋਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮਸਾਂ ਇੱਕ ਸਾਲ ਬਾਕੀ ਹੈ, ਉਸ ਵੇਲੇ ਕਿਸਾਨੀ ਅੰਦੋਲਨ ਕਾਰਨ ਭਾਜਪਾ ਆਗੂਆਂ ਦਾ ਜਨਤਾ ਵਿੱਚ ਵਿਚਰਨਾ ਮੁਸ਼ਕਲ ਹੋ ਗਿਆ ਹੈ। ਸ਼ਹਿਰਾਂ ਤੋਂ ਬਾਅਦ ਪੇਂਡੂ ਖੇਤਰ ਵਿੱਚ ਪੈਰ ਜਮਾਉਣ ਦੀ ਉਸ ਦੀ ਰਣਨੀਤੀ ਧਰੀ ਰਹਿ ਗਈ ਤੇਕਿਸਾਨ ਸੰਘਰਸ਼ ਕਾਰਨ ਪੇਂਡੂ ਪਿਛੋਕੜ ਵਾਲੇ ਕਈ ਆਗੂਆਂ ਨੇ ਪਾਰਟੀ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ।

ਅਕਾਲੀ ਦਲ ਨਾਲ ਸਿਆਸੀ ਸਾਂਝ ਵੇਲੇ ਭਾਜਪਾ ਨੂੰ ਆਮ ਤੌਰ ਉੱਤੇ ਸ਼ਹਿਰੀ ਖੇਤਰ ਦੇ ਆਧਾਰ ਵਾਲੀ ਜਮਾਤ ਹੀ ਮੰਨਿਆ ਜਾਂਦਾ ਸੀ। ਕੇਂਦਰ ਵਿੱਚ ਸਾਲ 2014 ਤੋਂ ਲਗਾਤਾਰ ਸੱਤਾ ਵਿੱਚ ਹੋਣ ਤੇ ਸ਼ਕਤੀਸ਼ਾਲੀ ਸਰਕਾਰ ਸਦਕਾ ਭਾਜਪਾ ਨੇ ਪੰਜਾਬ ਵਿੱਚ ਆਧਾਰ ਮਜ਼ਬੂਤ ਕਰਨ ਦੀ ਨੀਤੀ 'ਤੇ ਕੰਮ ਸ਼ੁਰੂ ਕੀਤਾ ਸੀ। ਇਸੇ ਤਹਿਤ ਪਾਰਟੀ ਨੇ ਦਲਿਤ ਤੇ ਸ਼ਹਿਰੀ ਵਰਗ ਨਾਲ ਸਬੰਧਤ ਦੋ ਕੇਂਦਰੀ ਆਗੂਆਂ ਨੂੰ ਪੰਜਾਬ ਮਾਮਲਿਆਂ ਦਾ ਇੰਚਾਰਜ ਨਿਯੁਕਤ ਕੀਤਾ ਅਤੇ ਇਸ ਦੇ ਨਾਲ ਹੀ ਸਿੱਖਾਂ ਨੂੰ ਨੁਮਾਇੰਦਗੀ ਦੇ ਕੇ ਸਿੱਖ ਮੋਹ ਲੈਣ ਦੇ ਯਤਨ ਆਰੰਭੇ ਸਨ।

ਇਸ ਦੇ ਬਾਅਦ ਖੇਤੀ ਬਿੱਲਾਂ ਦੇ ਕਾਰਨ ਭਾਜਪਾ ਦੇ ਖਿਲਾਫ ਲੋਕਾਂ ਦਾ ਰੋਹ ਜੂਨ ਤੋਂ ਸ਼ੁਰੂ ਹੋ ਗਿਆ ਤੇ ਅਕਤੂਬਰ ਵਿੱਚ ਜਦੋਂ ਪਾਰਲੀਮੈਂਟ ਨੇ ਕਾਨੂੰਨ ਪਾਸ ਕਰ ਦਿੱਤੇ ਤਾਂ ਕਿਸਾਨੀ ਅੰਦੋਲਨ ਹੋਰ ਭੜਕ ਪਿਆ। ਸਾਲ ਦੇ ਅੰਤਲੇ ਮਹੀਨਿਆਂ ਦੌਰਾਨ ਭਾਜਪਾ ਦੇ ਸੁਰਖੀਆਂ ਵਿੱਚ ਰਹੇ, ਕਿਉਂਕਿ ਕਿਸਾਨਾਂ ਨੇ ਉਨ੍ਹਾਂ ਦੇ ਘਰ ਘੇਰਨੇ ਸ਼ੂਰੂ ਕਰ ਦਿੱਤੇ ਹਨ। ਭਾਜਪਾ ਨੇ ਪੰਜਾਬ ਵਿੱਚ ਅਕਾਲੀਆਂ ਨੇ ਰਲ ਕੇ ਸਾਲਾਂ-ਬੱਧੀ ਸੱਤਾ ਦਾ ਸੁਖ ਭੋਗਿਆ ਸੀ, ਪਰ ਇਹ ਸਾਂਝ ਅਕਤੂਬਰ 2020 ਤੱਕ ਰਹੀ ਅਤੇ ਪਾਰਲੀਮੈਂਟ ਵੱਲੋਂ ਖੇਤੀ ਕਾਨੂੰਨ ਪਾਸ ਕੀਤੇ ਜਾਣ ਵੇਲੇ ਅਕਾਲੀਆਂ ਨੇ ਆਪਣਾ ਆਧਾਰ ਖੁੱਸਦਾ ਦੇਖ ਕੇ ਜਦੋਂ ਭਾਜਪਾ ਤੋਂ ਤੋੜ ਵਿਛੋੜੇ ਦਾ ਐਲਾਨ ਕੀਤਾ ਤਾਂ ਭਾਜਪਾ ਲਈ ਚੁਣੌਤੀਆਂ ਵਧ ਗਈਆਂ। ਇਸ ਪਾਰਟੀ ਵੱਲੋਂ ਸੂਬੇ ਅੰਦਰ ਪ੍ਰਭਾਵਸ਼ਾਲੀ ਲੀਡਰਸ਼ਿਪ ਨੂੰ ਨਹੀਂ ਉਭਾਰਿਆ। ਆਰ ਐਸ ਐਸ ਦੇ ਪਿਛੋਕੜ ਵਾਲੇ ਲੋਕਾਂ ਨੂੰ ਪਾਰਟੀ ਕਮਾਨ ਦਿੱਤੀ ਜਾਂਦੀ ਹੈ ਤੇ ਇਹ ਨੇਤਾ ਆਮ ਤੌਰ 'ਤੇ ਪੰਜਾਬ ਦੇ ਸ਼ਹਿਰੀ ਖੇਤਰਾਂ ਵਿੱਚੋਂ ਹੁੰਦੇ ਹਨ।

# ਬਰਗਾੜੀ ਕੇਸ ਦੀ ਜਾਂਚ ਤੋਂ ਕੁੰਵਰ ਵਿਜੇ ਪ੍ਰਤਾਪ ਨੂੰ ਹਟਾਉਣ ਦੀ ਮੰਗ ਦਾ ਵਿਰੋਧ




ਫਰੀਦਕੋਟ, 30 ਦਸੰਬਰ (ਪੋਸਟ ਬਿਊਰੋ)- ਬਰਗਾੜੀ ਬੇਅਦਬੀ ਕਾਂਡ ਨਾਲ ਸਬੰਧਤ ਬਹਿਬਲ ਗੋਲੀਕਾਂਡ ਕੇਸ ਵਿਚ ਨਾਮਜ਼ਦ ਉਸ ਵਕਤ ਦੇ ਐਸ ਐਚ ਓ ਸਿਟੀ ਕੋਟਕਪੂਰਾ ਗੁਰਦੀਪ ਸਿੰਘ ਪੰਧੇਰ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰਕੇ ਮਾਮਲੇ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦੇ ਮੁੱਖ ਮੈਂਬਰ ਅਤੇ ਆਈ ਜੀ ਕੁੰਵਰ ਵਿਜੇਪ੍ਰਤਾਪ ਸਿੰਘ ਨੂੰ ਕੇਸ ਦੀ ਜਾਂਚ ਤੋਂ ਪਾਸੇ ਕਰਨ ਦੀ ਮੰਗ 'ਤੇ ਪੀੜਤ ਪਰਵਾਰਾਂ ਨੇ ਇਤਰਾਜ਼ ਕੀਤਾ ਹੈ।

ਪੀੜਤ ਪਰਵਾਰਾਂ ਮੁਤਾਬਕ ਆਈਜੀ ਕੁੰਵਰ ਵਿਜੇਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਜਾਂਚ ਸਹੀ ਚੱਲ ਰਹੀ ਹੈ ਤੇ ਕੇਸ ਨੂੰ ਪ੍ਰਭਾਵਤ ਕਰਨ ਲਈ ਉਨ੍ਹਾਂ ਨੂੰ ਕੇਸ ਤੋਂ ਵੱਖ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਬਹਿਬਲ ਗੋਲੀ ਕਾਂਡ ਵਿੱਚ ਜਾਨ ਗੁਆਉਣ ਵਾਲੇ ਕਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨੇ ਕਿਹਾ ਹੈ ਕਿ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਗੋਲੀਕਾਂਡ ਨਾਲ ਜੁੜੇ ਪੁਲਸ ਅਫਸਰਾਂ ਅਤੇ ਕਈ ਹੋਰ ਦੋਸ਼ੀਆਂ ਨੂੰ ਨਾਮਜ਼ਦ ਕਰਕੇ ਉਨ੍ਹਾਂ ਵਿਰੁੱਧ ਅਦਾਲਤ ਵਿੱਚ ਚਾਲਾਨ ਪੇਸ਼ ਕੀਤੇ ਗਏ ਹਨ। ਇਸ ਵੇਲੇ ਜੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪਾਸੇ ਕੀਤਾ ਗਿਆ ਤਾਂ ਨਾ ਸਿਰਫ ਕੇਸ ਪ੍ਰਭਾਵਤ ਹੋਵੇਗਾ, ਸਗੋਂ ਲੰਮੇ ਸਮੇਂ ਤੋਂ ਨਿਆਂ ਦੀ ਉਡੀਕ ਕਰ ਰਹੇ ਪੀੜਤ ਪਰਵਾਰਾਂ ਤੇ ਸਿੱਖ ਸੰਗਤ ਦੀ ਆਸ ਟੁੱਟ ਜਾਵੇਗੀ।

ਵਰਨਣ ਯੋਗ ਹੈ ਕਿ ਘਟਨਾ ਵਾਲੇ ਦਿਨ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿੱਚ ਬਰਗਾੜੀ ਬੇਅਦਬੀ ਕਾਂਡ ਦੇ ਰੋਸ ਵਿੱਚ ਧਰਨਾ ਦਿੱਤਾ ਜਾ ਰਿਹਾ ਸੀ ਤੇ ਇਸ ਧਰਨੇ ਨੂੰ ਚੁਕਾਉਣ ਲਈ ਪੁਲਸ ਵੱਲੋਂ ਚਲਾਈ ਗੋਲੀ ਨਾਲਕੁੱਝ ਲੋਕ ਮਾਰੇ ਗਏ ਸਨ। ਇਸ ਕੇਸ ਦੀ ਐਸ ਆਈ ਟੀ ਨੇ ਤਿੰਨ ਪੁਲਸ ਅਫਸਰਾਂ ਅਤੇ ਤਿੰਨ ਹੋਰਨਾਂ ਵਿਰੁੱਧ ਚਲਾਨ ਪੇਸ਼ ਕੀਤਾਅਤੇ ਉਸ ਵੇਲੇ ਦੇ ਡੀ ਜੀ ਪੀ ਪੰਜਾਬ ਸੁਮੇਧ ਸੈਣੀ ਸਮੇਤ ਕੁਝ ਹੋਰ ਪੁਲਸ ਅਫਸਰ ਨਾਮਜ਼ਦ ਕੀਤੇ ਹਨ।

## ਵਾਰੰਟ ਅਫਸਰ ਨੇ ਸਰਪੰਚ ਦਾ ਪਤੀ ਪੁਲਸ ਦੀ ਨਾਜਾਇਜ਼ ਹਿਰਾਸਤ ਤੋਂ ਛੁਡਵਾਇਆ

ਰੂਪਨਗਰ, 30 ਦਸੰਬਰ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੀ ਆਈ ਏ ਸਟਾਫ ਰੂਪਨਗਰ ਵਿਖੇ ਤਿੰਨ ਵਿਅਕਤੀਆਂ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖ ਕੇ ਕੁੱਟਮਾਰ ਕਰਨ ਦਾ ਨੋਟਿਸ ਲਿਆ ਹੈ। ਇਹ ਕਾਰਵਾਈ ਇੱਕ ਨਾਬਾਲਗ ਸਣੇ ਤਿੰਨ ਵਿਅਕਤੀਆਂ ਉਤੇ ਸੀ ਆਈ ਏ ਸਟਾਫ ਵੱਲੋਂ ਗੈਰ ਮਨੁੱਖੀ ਤਸ਼ੱਦਦ ਢਾਹੁਣ ਦੀ ਰਿਪੋਰਟ ਦੇ ਬਾਅਦ ਕੀਤੀ ਗਈ ਹੈ, ਜਿਸ ਦੀ ਸ਼ਿਕਾਇਤ ਪਿੰਡ ਪ੍ਰਿਥੀਪੁਰ ਬੁੰਗਾ ਦੀ ਸਰਪੰਚ ਰਣਜੀਤ ਕੌਰ ਨੇ ਕੀਤੀ ਸੀ।

ਸਿਵਲ ਹਸਪਤਾਲ ਵਿੱਚ ਦਾਖਲ ਲੇਡੀ ਸਰਪੰਚ ਦੇ ਪਤੀ ਰਾਜਬੀਰ ਸਿੰਘ ਨੇ ਦੱਸਿਆ ਕਿ ਸੀ ਆਈ ਏ ਸਟਾਫ ਨੇ ਪੈਟਰੋਲ ਪੰਪ ਮਾਲਕ ਸੁਰਿੰਦਰ ਭੱਲਾ ਕਤਲ ਕੇਸ ਵਿੱਚ ਪਿੰਡ ਦੇ ਇੱਕ ਵਿਅਕਤੀ ਨੂੰ ਪੁੱਛਗਿੱਛ ਲਈ ਬੁਲਾਇਆ ਸੀ ਤੇ ਉਹ ਪਿੰਡ ਵਾਸੀਆਂ ਨਾਲ ਪੁਲਸ ਕੋਲ ਗਏ ਸਨ। ਇਸ ਦੌਰਾਨ ਪੁਲਸ ਨੇ ਉਸ ਨੂੰ ਜਬਰੀ ਬੰਦ ਕਰ ਦਿੱਤਾ ਤੇ ਉਸ ਨਾਲ ਕੁੱਟਮਾਰ ਵੀ ਕੀਤੀ। ਸਰਪੰਚ ਨੇ ਦੱਸਿਆ ਕਿ ਸੀ ਆਈ ਏ ਸਟਾਫ ਦੇ ਮੁਖੀ ਨੇ ਉਸ ਦੇ ਪਤੀ ਨੂੰ ਦੋ ਦਿਨ ਨਾਜਾਇਜ਼ ਹਿਰਾਸਤ ਵਿੱਚ ਰੱਖ ਕੇ ਤਸ਼ੱਦਦ ਕੀਤਾ। ਇਸ ਪਿੱਛੋਂ 27 ਦਸੰਬਰ ਨੂੰ ਹਾਈ ਕੋਰਟ ਵੱਲੋਂ ਭੇਜੇ ਗਏ ਵਾਰੰਟ ਅਫਸਰ ਨੇ ਸੀ ਆਈ ਏ ਸਟਾਫ ਵਿੱਚ ਛਾਪਾ ਮਾਰਿਆ ਤੇ ਉਸ ਦੇ ਪਤੀ ਨੂੰ ਹਿਰਾਸਤ ਵਿੱਚੋਂ ਛੁਡਵਾਇਆ ਸੀ।

ਏਸੇ ਹਸਪਤਾਲ ਵਿੱਚ ਦਾਖਲ ਪਿੰਡ ਦੇ ਇੱਕ ਹੋਰ ਵਾਸੀ ਜਗਤਾਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਉਸ ਉਤੇ ਵੀ ਤਸ਼ੱਦਦ ਕੀਤਾ ਅਤੇ ਉਸ ਦੇ ਗੁਪਤ ਅੰਗਾਂ 'ਤੇ ਕਰੰਟ ਲਾਏ ਹਨ। 16 ਸਾਲਾ ਹਰਜੋਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਸ ਨੂੰ ਰਾਤੀਂ ਘਰੋਂ ਚੁੱਕਿਆ ਤੇ ਕੁੱਟਮਾਰ ਕੀਤੀ ਸੀ। ਉਸ ਨੇ ਕਿਹਾ ਕਿ ਪੁਲਸ ਨੇ ਉਸ ਨੂੰ ਡਰਾ ਧਮਕਾ ਕੇ ਕਤਲ ਕੇਸ ਵਿੱਚ ਸ਼ਮੂਲੀਅਤ ਹੋਣ ਲਈ ਦਬਾਅ ਪਾਇਆ।ਵਾਰੰਟ ਅਫਸਰ ਨੇ ਆਪਣੀ ਰਿਪੋਰਟ ਅਦਾਲਤ ਵਿੱਚ ਪੇਸ਼ ਕਰ ਦਿੱਤੀ ਹੈ ਜਿਸ ਤੋਂ ਬਾਅਦ ਡਿਊਟੀ ਮੈਜਿਸਟਰੇਟ ਵੱਲੋਂ ਹਸਪਤਾਲ ਵਿੱਚ ਜ਼ੇਰੇ ਇਲਾਜ ਰਾਜਬੀਰ ਸਿੰਘ ਦੇ ਬਿਆਨ ਦਰਜ ਕੀਤੇ ਗਏ। ਐਸ ਪੀ (ਜਾਂਚ) ਅਜਿੰਦਰ ਸਿੰਘ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਕਤਲ ਦੇ ਮਾਮਲੇ ਵਿੱਚ ਪੁੱਛਗਿੱਛ ਲਈ ਰਾਜਬੀਰ ਸਿੰਘ ਨੂੰ ਬੁਲਾਇਆ ਗਿਆ ਸੀ, ਪਰ ਨਾਬਾਲਗ ਨਾਲ ਕੁੱਟਮਾਰ ਨਹੀਂ ਕੀਤੀ ਗਈ।

# ਕਾਰਪੋਰੇਟ ਘਰਾਣਿਆਂ ਨੇ ਪੰਜਾਬ ਵਿੱਚ ਅੰਦਰੋ-ਅੰਦਰੀ ਜਾਲ ਦੀਆਂ ਤੰਦਾਂ ਤੇ ਡੋਰੇ ਸੰਘਣੇ ਕੀਤੇ

*** ਅਡਾਨੀ ਨੇ ਦੋ ਸੋਲਰ ਪ੍ਰੋਜੈਕਟ ਖਰੀਦੇ, ਸੱਤ ਨਵੀਆਂ ਕੰਪਨੀਆਂ ਬਣਾਈਆਂ**

ਚੰਡੀਗੜ੍ਹ, 30 ਦਸੰਬਰ (ਪੋਸਟ ਬਿਊਰੋ)- ਕਿਸਾਨੀ ਸੰਘਰਸ਼ ਦੇ ਦੌਰਾਨ ਚਰਚਾ ਵਿੱਚ ਆਏ ਅਡਾਨੀ ਗਰੁੱਪ ਨੇ ਤਿੰਨ ਸਾਲ ਪਹਿਲਾਂ ਪੰਜਾਬ ਵਿੱਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ, ਜਿਸ ਦੇ ਭੇਤ ਅੱਜਕੱਲੈ ਖੁੱਲ੍ਹਣ ਲੱਗੇ ਹਨ। ਇਸ ਦੌਰਾਨ ਸੂਰਜੀ ਊਰਜਾ 'ਚ ਅਡਾਨੀ ਨੇ ਪੰਜਾਬ ਵਿੱਚ ਕਦਮ ਹੋਰ ਵਧਾਏ ਹਨ ਅਤੇ ਪੰਜਾਬ ਸਰਕਾਰ ਅੱਗੇ ਤੋਂ ਅਡਾਨੀ ਗਰੁੱਪ ਤੋਂ ਮਹਿੰਗੀ ਬਿਜਲੀ ਖਰੀਦੇਗੀ। ਇਸ ਗਰੁੱਪ ਨੇ ਮਾਲਵਾ ਖਿੱਤੇ 'ਚ ਹੀ ਸੱਤ ਹੋਰ ਕੰਪਨੀਆਂ ਬਣਾ ਲਈਆਂ ਹਨ।




ਪਤਾ ਲੱਗਾ ਹੈ ਕਿ ਅਡਾਨੀ ਗਰੁੱਪ ਨੇ ਮਾਨਸਾ ਜ਼ਿਲ੍ਹੇ ਵਿਚ ਦੋ ਸੋਲਰ ਪ੍ਰੋਜੈਕਟ ਖਰੀਦ ਲਏ ਹਨ। ਇਨ੍ਹਾਂ ਵਿੱਚ ਪਿੰਡ ਲਖਮੀਰ ਵਾਲਾ ਅਤੇ ਪਿੰਡ ਬਰ੍ਹੇ ਦੇ ਦੋ ਸੋਲਰ ਪਲਾਂਟ ਵੀ ਹਨ। ਪਿੰਡ ਬਰ੍ਹੇ (ਮਾਨਸਾ) 'ਚ 'ਐਸਲ ਰੀਨਿਊਏਬਲ ਐਨਰਜੀ ਲਿਮਟਿਡ' ਨੇ ਸੋਲਰ ਪ੍ਰੋਜੈਕਟ ਲਾਇਆ ਅਤੇ ਉਸ ਨੇ ਤੀਹ ਦਸੰਬਰ 2013 ਨੂੰ 25 ਸਾਲਾਂ ਲਈ 8.65 ਪ੍ਰਤੀ ਯੂਨਿਟ ਦੇ ਹਿਸਾਬ ਨਾਲ ਪੰਜਾਬ ਦੀ ਬਿਜਲੀ ਕਾਰਪੋਰੇਸ਼ਨ (ਪਾਵਰਕਾਮ) ਨੂੰ ਬਿਜਲੀ ਦੇਣ ਦਾ ਸਮਝੌਤਾ ਕੀਤਾ ਸੀ।ਪਿੰਡ ਲਖਵੀਰ ਵਾਲਾ ਵਿੱਚ 'ਐਸਲ ਕਲੀਨ ਐਨਰਜੀ ਲਿਮਟਿਡ' ਦੇ ਸੋਲਰ ਪ੍ਰੋਜੈਕਟ ਤੋਂ ਪਾਵਰਕਾਮ ਨੂੰ 8.70 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਮਿਲ ਰਹੀ ਹੈ। ਇਹ ਸਮਝੌਤਾ ਵੀ 25 ਸਾਲਾਂ ਲਈ ਤੀਹ ਦਸੰਬਰ 2013 ਨੂੰ ਕੀਤਾ ਗਿਆ ਹੈ। ਇਹ ਦੋਵੇਂ ਸੋਲਰ ਪ੍ਰੋਜੈਕਟ ਅਡਾਨੀ ਗਰੁੱਪ ਨੇ ਖਰੀਦ ਕਰ ਲਏ ਹਨ। ਪਾਵਰਕਾਮ ਅੱਗੇ ਤੋਂ ਮਹਿੰਗੀ ਬਿਜਲੀ ਅਡਾਨੀ ਦੇ ਇਨ੍ਹਾਂ ਪ੍ਰੋਜੈਕਟਾਂ ਤੋਂ ਖਰੀਦਿਆ ਕਰੇਗਾ। ਇਸੇ ਤਰ੍ਹਾਂ ਅਡਾਨੀ ਗਰੁੱਪ ਦੀ 'ਪ੍ਰਾਰਥਨਾ ਡਿਵੈਲਪਰ ਲਿਮਟਿਡ' ਨੇ ਬਠਿੰਡਾ ਦੇ ਪਿੰਡ ਚੁੱਘੇ ਕਲਾਂ ਵਿੱਚ 100 ਮੈਗਾਵਾਟ ਦਾ ਸੋਲਰ ਪ੍ਰੋਜੈਕਟ ਲਾਇਆ ਹੈ। ਓਦੋਂ ਦੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅੱਠ ਨਵੰਬਰ 2016 ਨੂੰ ਇਸ ਸੋਲਰ ਪ੍ਰੋਜੈਕਟ ਦਾ ਉਦਘਾਟਨ ਕੀਤਾ ਸੀ। ਅਡਾਨੀ ਨੇ ਪਾਵਰਕਾਮ ਨੂੰ ਪੰਜਾਹ ਮੈਗਾਵਾਟ ਬਿਜਲੀ 5.95 ਰੁਪਏ ਯੂਨਿਟ ਅਤੇ ਬਾਕੀ ਪੰਜਾਹ ਮੈਗਾਵਾਟ ਬਿਜਲੀ 5.80 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਪਾਵਰਕਾਮ ਨੂੰ 25 ਸਾਲਾਂ ਲਈ ਦੇਣੀ ਹੈ। ਇੱਕੋ ਕੰਪਲੈਕਸ ਵਿੱਚ ਲੱਗੇ ਸੋਲਰ ਪ੍ਰੋਜੈਕਟ ਦੀ ਬਿਜਲੀ ਦੇ ਦੋ ਭਾਅ ਰੱਖ ਦਿੱਤੇ ਗਏ ਹਨ। ਇਹ ਪ੍ਰੋਜੈਕਟ 641 ਏਕੜ ਵਿੱਚ ਲੱਗਾ ਹੋਇਆ ਹੈ।

ਇਸ ਤੋਂ ਬਿਨਾਂ ਅਡਾਨੀ ਗਰੁੱਪ ਦਾ ਮੋਗਾ ਵਿੱਚ ਸਾਇਲੋ ਪਲਾਂਟ ਵੀ ਹੈ, ਜੋ ਸਾਲ 2007 ਵਿੱਚ ਚਾਲੂ ਹੋਇਆ ਸੀ। ਭਾਰਤੀ ਖੁਰਾਕ ਨਿਗਮ (ਐਫ ਸੀ ਆਈ) ਵੱਲੋਂ 20 ਸਾਲ ਲਈ ਅਨਾਜ ਭੰਡਾਰਨ ਵਾਸਤੇ ਸਮਝੌਤਾ ਅਡਾਨੀ ਗਰੁੱਪ ਨਾਲ ਕੀਤਾ ਹੋਇਆ ਹੈ। ਕਿਲ੍ਹਾ ਰਾਏਪੁਰ ਵਿੱਚ ਅਡਾਨੀ ਗਰੁੱਪ ਦਾ ਲੌਜਿਸਟਿਕ ਪਾਰਕ ਹੈ। ਕੋਟਕਪੂਰਾ ਵਿੱਚ ਅਡਾਨੀ ਗਰੁੱਪ ਨੇ ਸਾਇਲੋ ਬਣਾਉਣਾ ਹੈ। ਕਿਸਾਨ ਧਿਰਾਂ ਨੇ ਖੇਤੀ ਕਾਨੂੰਨਾਂ ਬਾਰੇ ਅੰਬਾਨੀ ਅਤੇ ਅਡਾਨੀ ਨੂੰ ਨਿਸ਼ਾਨੇ 'ਤੇ ਰੱਖਿਆ ਹੋਇਆ ਹੈ, ਪਰ ਅਡਾਨੀ ਗਰੁੱਪ ਨੇ ਪਹਿਲਾਂ ਹੀ ਪੰਜਾਬ 'ਤੇ ਡੋਰੇ ਪਾਉਣ ਲਈ ਲੰਮੀ ਵਿਉਂਤਬੰਦੀ ਕੀਤੀ ਹੋਈ ਸੀ। ਅਡਾਨੀ ਗਰੁੱਪ ਨੇ ਪੰਜਾਬ ਵਿੱਚ ਸੱਤ ਕੰਪਨੀਆਂ ਬਣਾ ਲਈਆਂ ਸਨ। ਛੇ ਕੰਪਨੀਆਂ ਜਨਵਰੀ 2017 ਵਿੱਚ ਬਣਾਈਆਂ ਗਈਆਂ ਸਨ, ਜਿਨ੍ਹਾਂ 'ਚ ਅਡਾਨੀ ਐਗਰੀ ਲੌਜਿਸਟਿਕ ਬਠਿੰਡਾ, ਅਡਾਨੀ ਐਗਰੀ ਲੌਜਿਸਟਿਕ ਨਕੋਦਰ ਅਤੇ ਅਡਾਨੀ ਐਗਰੀ ਲੌਜਿਸਟਿਕ ਮੋਗਾ ਸ਼ਾਮਲ ਹਨ। ਏਦਾਂ ਹੀ 25 ਜਨਵਰੀ 2019 ਨੂੰ ਅਡਾਨੀ ਐਗਰੀ ਲੌਜਿਸਟਿਕ ਕੋਟਕਪੂਰਾ ਬਣਾਈ ਗਈ ਜੋ ਭਵਿੱਖ ਵਿੱਚ ਖੇਤੀ ਕਾਰੋਬਾਰ ਲਈ ਅਡਾਨੀ ਗਰੁੱਪ ਵੱਲੋਂ ਤਿਆਰ ਕੀਤੀ ਗਈ ਹੈ। ਇਨ੍ਹਾਂ ਸਾਰੀਆਂ ਕੰਪਨੀਆਂ ਦਾ ਪਤਾ ਅਡਾਨੀ ਹਾਊਸ, ਅਹਿਮਦਾ-ਬਾਦ (ਗੁਜਰਾਤ) ਹੈ।

## ਖੇਤੀਬਾੜੀ ਕਾਨੂੰਨ ਠੋਸੇ ਗਏ ਨੇ, ਦਿੱਲੀ 'ਚ ਬੈਠ ਕੇ ਖੇਤੀਬਾੜੀ ਨੂੰ ਨਹੀਂ ਸਮਝਿਆ ਜਾ ਸਕਦਾ: ਸ਼ਰਦ ਪਵਾਰ



ਨਵੀਂ ਦਿੱਲੀ, 30 ਦਸੰਬਰ (ਪੋਸਟ ਬਿਊਰੋ)- ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਦੇ ਮੁਖੀ ਅਤੇ ਭਾਰਤ ਦੇ ਸਾਬਕਾ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਨੇ ਸੂਬਿਆਂ ਨਾਲ ਵਿਚਾਰ ਵਟਾਂਦਰਾ ਕੀਤੇ ਬਿਨਾਂ ਹੀ ਖੇਤੀਬਾੜੀ ਸਬੰਧੀ ਤਿੰਨ ਕਾਨੂੰਨਾਂ ਨੂੰ ਠੋਸ ਦਿੱਤਾ ਹੈ।

ਸ਼ਰਦ ਪਵਾਰ ਨੇ ਕਿਹਾ ਕਿ ਦਿੱਲੀ ਵਿੱਚ ਬੈਠ ਕੇ ਖੇਤੀਬਾੜੀ ਦੇ ਮੁੱਦੇ ਨਹੀਂ ਨਿਪਟਾਏ ਜਾ ਸਕਦੇ, ਕਿਉਂਕਿ ਇਸ ਨਾਲ ਪਿੰਡਾਂ ਵਿੱਚ ਰਹਿਣ ਵਾਲੇ ਕਿਸਾਨ ਜੁੜੇ ਹੁੰਦੇ ਹਨ। ਉਨ੍ਹਾਂ ਨੇ ਕਿਸਾਨ ਸੰਗਠਨਾਂ ਨਾਲ ਗੱਲਬਾਤ ਲਈ ਬਣਾਏ ਗਏ ਤਿੰਨ ਮੈਂਬਰੀਗਰੁੱਪ ਦੇ ਢਾਂਚੇ ਉਤੇ ਸਵਾਲ ਉਠਾਇਆ ਅਤੇ ਕਿਹਾ ਕਿ ਸੱਤਾਧਾਰੀ ਪਾਰਟੀ ਨੂੰ ਅਜਿਹੇ ਨੇਤਾਵਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ, ਜਿਨ੍ਹਾਂ ਨੂੰ ਖੇਤੀਬਾੜੀ ਅਤੇ ਕਿਸਾਨਾਂ ਦੇ ਮੁੱਦਿਆਂ ਦੀ ਡੂੰਘਾਈ ਨਾਲ ਸਮਝ ਹੋਵੇ। ਪਵਾਰ ਨੇ ਕਿਹਾ ਕਿ ਸਰਕਾਰ ਨੂੰ ਵਿਰੋਧ ਵਿਖਾਵਿਆਂ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਦੇ ਅੰਦੋਲਨ ਦਾ ਦੋਸ਼ ਵਿਰੋਧੀ ਪਾਰਟੀਆਂ 'ਤੇ ਸੁੱਟਣਾ ਠੀਕ ਨਹੀਂ।

## ਏਅਰ ਇੰਡੀਆ ਨੂੰ ਪਿਛਲੇ ਸਾਲ ਵਿੱਚ 3,600 ਕਰੋੜ ਰੁਪਏ ਘਾਟਾ

ਨਵੀਂ ਦਿੱਲੀ, 30 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਸਰਕਾਰੀ ਜਹਾਜ਼ ਸੇਵਾ ਕੰਪਨੀ ਏਅਰ ਇੰਡੀਆ ਨੂੰ ਪਿਛਲੇ ਵਿੱਤੀ ਸਾਲ 'ਚ 3,600 ਕਰੋੜ ਰੁਪਏ ਘਾਟਾ ਪਿਆ ਹੈ।ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਦੀ ਹਾਜ਼ਰੀ 'ਚ ਏਅਰ ਇੰਡੀਆ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਰਾਜੀਵ ਬਾਂਸਲ ਨੇ ਇਹ ਜਾਣਕਾਰੀ ਦਿੱਤੀ ਹੈ। ਇੱਕ ਪ੍ਰਸ਼ਨ ਦੇ ਜਵਾਬ 'ਚ ਬਾਂਸਲ ਨੇ ਕਿਹਾ ਕਿ ਏਅਰ ਇੰਡੀਆ ਅਤੇ ਉਸ ਦੀਆਂ ਪੰਜ ਸਹਾਇਕ ਕੰਪਨੀਆਂ ਦੇ ਵਿੱਤੀ ਸਾਲ 2019-20 ਦੇ ਵਿੱਤੀ ਲੇਖੇ-ਜੋਖੇ ਨੂੰ ਅੰਤਮ ਰੂਪ ਦਿੱਤਾ ਜਾ ਚੁੱਕਾ ਹੈ। ਪਿਛਲੇ ਸਾਲ 3,600 ਕਰੋੜ ਰੁਪਏ ਨਕਮ ਨੁਕਸਾਨ ਹੋਇਆ ਹੈ, ਇਹ ਉਸ ਤੋਂ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਘੱਟ ਤੋਂ ਘੱਟ ਹੈ।ਏਅਰ ਇੰਡੀਆ ਉੱਤੇ ਪਹਿਲਾਂ ਤੋਂ ਹਜ਼ਾਰਾਂ ਕਰੋੜ ਰੁਪਏ ਦੀ ਦੇਣਦਾਰੀ ਹੈ। ਉਸ ਦੇ ਨਿਵੇਸ਼ ਦੀ ਪ੍ਰਕਿਰਿਆ ਜਾਰੀ ਹੈ, ਜਿਸ 'ਚ ਏਅਰ ਇੰਡੀਆ ਅਤੇ ਉਸ ਦੀਆਂ ਦੋ ਸਹਾਇਕ ਕੰਪਨੀਆਂ 'ਚ ਏਅਰ ਇੰਡੀਆ ਦੀ ਪੂਰੀ ਹਿੱਸੇਦਾਰੀ ਵੇਚੀ ਜਾਏਗੀ।

ਕੇਂਦਰੀ ਮੰਤਰੀ ਪੁਰੀ ਨੇ ਦੱਸਿਆ ਕਿ ਇਸ ਵਿਕਰੀ ਲਈ ਕਈ ਰੁਚੀ ਪੱਤਰ ਆਏ ਹਨ ਅਤੇ ਪੰਜ ਜਨਵਰੀ ਤੱਕ ਉਨ੍ਹਾਂ 'ਚੋਂ ਬੋਲੀ-ਦਾਤਾਵਾਂ ਦੀ ਚੋਣ ਕਰ ਕੇ ਬੋਲੀਆਂ ਸੱਦੀਆਂ ਜਾਣਗੀਆਂ। ਵਿੱਤੀ ਬੋਲੀ ਜਮ੍ਹਾ ਕਰਵਾਉਣ ਲਈ 90 ਦਿਨ ਦਾ ਸਮਾਂ ਦਿਤਾ ਜਾਏਗਾ। ਬਾਂਸਲ ਨੇ ਦੱਸਿਆ ਕਿ ਕੋਵਿਡ-ਕਾਲ 'ਚ ਉਡਾਣਾਂ 'ਤੇ ਪੂਰੀ ਪਾਬੰਦੀ ਤੋਂ ਬਾਅਦ ਹੌਲੀ-ਹੌਲੀ ਯਾਤਰੀਆਂ ਦੀਆਂ ਗਿਣਤੀ ਵਧਣ ਨਾਲ ਏਅਰ ਲਾਈਨਸ ਦੇ ਵਿੱਤੀ ਪ੍ਰਦਰਸ਼ਨ 'ਚ ਸੁਧਾਰ ਹੋ ਰਿਹਾ ਹੈ।

# ਕੋਵਿਡ ਨਾਲ ਬੈਂਕਾਂ 'ਤੇ ਮਾੜੇ ਅਸਰ ਕਾਰਨ ਐੱਨ ਪੀ ਏ ਵਿਗੜੇਗੀ

ਨਵੀਂ ਦਿੱਲੀ, 30 ਦਸੰਬਰ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਦੇਸ਼ ਦੀ ਬੈਂਕਿੰਗ ਵਿਵਸਥਾ ਦੀ ਸਾਲਾਨਾ ਰਿਪੋਰਟ (ਟ੍ਰੈਂਡ ਐਂਡ ਪ੍ਰੋਗਰੈੱਸ ਆਫ ਬੈਂਕਿੰਗ ਇੰਨ ਇੰਡੀਆ 2019-20) ਜਾਰੀ ਕੀਤੀ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਸਤੰਬਰ 2020 ਵਿੱਚ ਖਤਮ ਹੋਈ ਤਿਮਾਹੀ ਵਿੱਚ ਭਾਰਤੀ ਬੈਂਕਾਂ ਵਿੱਚ ਫਸੇ ਕਰਜ਼ੇ (ਐਨ ਪੀ ਏ) ਦਾ ਪੱਧਰ ਘਟਕੇ 7.5 ਫੀਸਦੀ 'ਤੇ ਆ ਗਿਆ, ਪਰ ਇਹ ਅਸਲ ਸਥਿਤੀ ਨਹੀਂ।

ਇਸ ਰਿਪੋਰਟ ਵਿੱਚ ਕੋਵਿਡ ਨਾਲ ਭਾਰਤੀ ਬੈਂਕਾਂ, ਖਾਸ ਤੌਰ 'ਤੇ ਸਰਕਾਰੀ ਖੇਤਰ ਦੇ ਬੈਂਕਾਂ ਅਤੇ ਐਨ ਬੀ ਐਫ ਸੀ ਉੱਤੇ ਲੰਮੇਂ ਸਮੇਂ ਦਾ ਅਸਰ ਪੈਣ ਦਾ ਸ਼ੱਕ ਜ਼ਾਹਰ ਕਰਦੇ ਹੋਏ ਕਿਹਾ ਗਿਆ ਹੈ ਕਿ ਮਹਾਮਾਰੀ ਬੈਂਕਾਂ ਦੀ ਸਿਹਤ ਉੱਤੇ ਬਹੁਤ ਬੁਰਾ ਅਸਰ ਪਾਉਣ ਵਾਲੀ ਸਾਬਤ ਹੋਵੇਗੀ। ਰਿਪੋਰਟ ਵਿੱਚ ਇਹ ਸਾਹਮਣੇ ਆਇਆ ਕਿ ਚਾਲੀ ਫੀਸਦੀ ਕਰਜਾਧਾਰਕਾਂ ਨੇ ਬੈਂਕਾਂ ਵੱਲੋਂ ਦਿੱਤੇ ਕਰਜ਼ੇ ਮੋਰੇਟੋਰੀਅਮ (ਕਰਜ਼ਾ ਅਦਾਇਗੀ ਵਿੱਚ ਛੇ ਮਹੀਨੇ ਦੀ ਛੋਟ) ਦਾ ਲਾਭ ਉਠਾਇਆ ਹੈ। ਬੈਂਕਿੰਗ ਸੈਕਟਰ 'ਤੇ ਇਸ ਦਾ ਅਸਰ ਬਾਅਦ ਵਿੱਚ ਦਿਖਾਈ ਦੇ ਸਕਦਾ ਹੈ।



ਰਿਪੋਰਟ ਮੁਤਾਬਕ ਫਸੇ ਕਰਜ਼ੇ (ਐਨ ਪੀ ਏ) ਦੀ ਅਸਲ ਸਥਿਤੀ ਅਜੇ ਬੈਂਕਾਂ ਦੇ ਹਿਸਾਬ-ਕਿਤਾਬ 'ਤੇ ਨਹੀਂ ਦਿਖਾਈ ਦੇ ਰਹੀ। ਕੋਵਿਡ ਦਾ ਅਸਰ ਐਨ ਪੀ ਏ ਦੇ ਅੰਕੜਿਆਂ 'ਤੇ ਅਜੇ ਨਹੀਂ ਦਿਸਿਆ। ਕੁਝ ਬੈਂਕਾਂ ਨੇ ਜੋ ਅੰਕੜੇ ਦਿੱਤੇ ਹਨ, ਉਨ੍ਹਾਂ ਦੇ ਸਰਵੇ ਤੋਂ ਲੱਗਦਾ ਹੈ ਕਿ ਕੋਵਿਡ ਦੇ ਕਾਰਨ ਬੈਂਕਾਂ ਦੇ ਗ੍ਰਾਸ ਐਨ ਪੀ ਏ (ਕੁੱਲ ਐਡਵਾਂਸ ਦੇ ਅਨੁਪਾਤ ਵਿੱਚ ਫਸੇ ਕਰਜ਼ੇ ਦਾ ਪੱਧਰ) 0.10 ਫੀਸਦੀ ਤੋਂ ਲੈ ਕੇ 0.66 ਫੀਸਦੀ ਤੱਕ ਵਧ ਸਕਦਾ ਹੈ। ਵੈਸੇ ਆਰ ਬੀ ਆਈ ਵੱਲੋਂ ਕੋਵਿਡ 19 ਦੇ ਸਬੰਧ ਵਿੱਚ ਜਾਰੀ ਨਿਯਮ ਅਤੇ ਲਾਭਅੰਸ਼ ਨਾ ਦੇਣ ਦੇ ਕਾਰਨ ਬੈਂਕ ਇਸ ਦਾ ਕੁਝ ਅਸਰ ਬਰਦਾਸ਼ਤ ਕਰ ਲੈਣਗੇ। ਉਂਜ ਇਹ ਤੈਅ ਹੈ ਕਿ ਉਨ੍ਹਾਂ ਦੀ ਐਸਟੇਟ ਕਵਾਲਿਟੀ ਵਿੱਚ ਗਿਰਾਵਟ ਆਏਗੀ ਅਤੇ ਭਵਿੱਖ ਵਿੱਚ ਉਨ੍ਹਾਂ ਦੇ ਮਾਲੀਏ 'ਤੇ ਵੀ ਅਸਰ ਪਵੇਗਾ। ਇਸ ਦਾ ਪਤਾ ਤਦ ਲੱਗੇਗਾ, ਜਦ ਮੋਰੇਟੋਰੀਅਮ ਦਾ ਸਹੀ ਮੁੱਲਾਂਕਣ ਹੋਵੇਗਾ ਅਤੇ ਫਸੇ ਕਰਜ਼ੇ ਦੇ ਮਾਮਲੇ ਨੂੰ ਦੀਵਾਲੀਆ ਕਾਨੂੰਨ ਦੇ ਤਹਿਤ ਲੈ ਜਾਣ 'ਤੇ ਲੱਗੀ ਰੋਕ ਹਟਾਈ ਜਾਏਗੀ। ਆਮਦਨ ਅਤੇ ਮੁਨਾਫਾ ਪ੍ਰਭਾਵਤ ਹੋਣ ਦੇ ਕਾਰਨ ਜਨਤਕ ਖੇਤਰ ਦੇ ਬੈਂਕਾਂ ਨੂੰ ਸਰਕਾਰ ਤੋਂ ਫਿਰ ਵੱਡੀ ਮਦਦ ਦੀ ਜ਼ਰੂਰਤ ਹੋਵੇਗੀ।

## ਬੰਗਲਾਦੇਸ਼ ਤੋਂ 1700 ਰੋਹਿੰਗਿਆ ਸ਼ਰਨਾਰਥੀਆਂ ਨੂੰ ਬੀਆਬਾਨ ਟਾਪੂ 'ਤੇ ਭੇਜਿਆ ਗਿਆ



ਢਾਕਾ, 30 ਦਸੰਬਰ (ਪੋਸਟ ਬਿਊਰੋ)- ਮਨੁੱਖੀ ਅਧਿਕਾਰ ਗਰੁੱਪਾਂ ਦੀਆਂ ਚਿੰਤਾਵਾਂ ਦੇ ਬਾਵਜੂਦ ਬੰਗਲਾ ਦੇਸ਼ ਦੇ ਦੱਖਣ ਪੂਰਬ ਵਿੱਚ ਬੰਦਰਗਾਹ ਵਾਲੇ ਸ਼ਹਿਰ ਚਿਟਾਗੌਂਗ ਤੋਂ ਕੱਲ੍ਹ ਨੇਵੀ ਦੇ ਪੰਜ ਜਹਾਜ਼ਾਂ ਰਾਹੀਂ 1700 ਤੋਂ ਵੱਧ ਰੋਹਿੰਗਿਆ ਸ਼ਰਨਾਰਥੀਆਂ ਨੂੰ ਇਕ ਬੀਆਬਾਨ ਟਾਪੂ 'ਤੇ ਭੇਜ ਦਿੱਤਾ ਗਿਆ ਹੈ।

ਇੱਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਜਹਾਜ਼ ਵਿੱਚ ਤਿੰਨ ਘੰਟਿਆਂ ਦੀ ਯਾਤਰਾ ਮਗਰੋਂ ਸ਼ਰਨਾਰਥੀਆਂ ਦੇ ਭਾਸ਼ਨ ਚਾਰ ਨਾਮੀਂ ਟਾਪੂ'ਤੇ ਪੁੱਜਣ ਦੀ ਸੰਭਾਵਨਾ ਹੈ। ਇਸ ਅਧਿਕਾਰੀ ਅਨੁਸਾਰ ਸ਼ਰਨਾਰਥੀਆਂ ਨੂੰ ਕਾਕਸ ਬਾਜ਼ਾਰ ਵਿੱਚ ਉਨ੍ਹਾਂ ਦੇ ਕੈਂਪਾਂ ਤੋਂ ਬੱਸਾਂ ਰਾਹੀਂ ਚਿਟਾਗੌਂਗ ਲਿਜਾਇਆ ਗਿਆ ਅਤੇ ਦੇਰ ਰਾਤ ਅਸਥਾਈ ਕੈਂਪ 'ਚ ਠਹਿਰਾਇਆ ਗਿਆ। ਅਧਿਕਾਰੀਆਂ ਅਨੁਸਾਰ ਜਿਹੜੇ ਸ਼ਰਨਾਰਥੀ ਇਸ ਟਾਪੂ 'ਤੇ ਜਾਣਾ ਚਾਹੁੰਦੇ ਸਨ, ਉਨ੍ਹਾਂ ਨੂੰ ਹੀ ਉਥੇ ਭੇਜਿਆ ਗਿਆ ਹੈ, ਕਿਸੇ 'ਤੇ ਕੋਈ ਦਬਾਅ ਨਹੀਂ ਬਣਾਇਆ ਗਿਆ।

ਦੂਜੇ ਪਾਸੇ ਕਈ ਮਨੁੱਖੀ ਅਧਿਕਾਰ ਕਾਰਕੁੰਨਾਂ ਨੇ ਕਿਹਾ ਕਿ ਕੁਝ ਸ਼ਰਨਾਰਥੀਆਂ ਨੂੰ ਇੰਨੀ ਦੂਰ ਜਾਣ ਲਈ ਮਜਬੂਰ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਇਹ ਟਾਪੂ ਵੀਹ ਸਾਲ ਪਹਿਲਾਂ ਸਮੁੰਦਰ ਵਿੱਚ ਹੋਂਦ ਵਿੱਚ ਆਇਆ ਸੀ, ਜੋ ਮੌਨਸੂਨ ਦੌਰਾਨ ਮੀਂਹ ਪੈਣ ਮੌਕੇ ਡੁੱਬ ਜਾਂਦਾ ਹੈ, ਪਰ ਬੰਗਲਾ ਦੇਸ਼ ਦੀ ਜਲ ਸੈਨਾ ਨੇ ਉਥੇ ਘਰਾਂ, ਹਸਪਤਾਲਾਂ ਤੇ ਮਸਜਿਦਾਂ ਬਣਾ ਕੇ ਇਸ ਨੂੰ ਇੱਕ ਲੱਖ ਲੋਕਾਂ ਦੇ ਰਹਿਣ ਲਈ ਤਿਆਰ ਕੀਤਾ ਹੈ।

## ਰੱਖਿਆ ਬਿੱਲ ਦੇ ਖ਼ਿਲਾਫ਼ ਰਾਸ਼ਟਰਪਤੀ ਟਰੰਪ ਦਾ ਵੀਟੋ ਅਮਰੀਕਾ ਦੀ ਪ੍ਰਤੀਨਿਧੀ ਸਭਾ ਵੱਲੋਂ ਰੱਦ



ਵਾਸ਼ਿੰਗਟਨ, 30 ਦਸੰਬਰ (ਪੋਸਟ ਬਿਊਰੋ)- ਅਮਰੀਕਾ 'ਚ ਡੈਮੋਕ੍ਰੇਟਿਕ ਪਾਰਟੀ ਦੇ ਦਬਦਬੇ ਵਾਲੀ ਪ੍ਰਤੀਨਿਧੀ ਸਭਾ ਨੇ ਰੱਖਿਆ ਨੀਤੀ ਬਿੱਲ ਦੇ ਖ਼ਿਲਾਫ਼ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵੀਟੋ ਨੂੰ ਰੱਦ ਕਰਨ ਦੀ ਵੋਟਿੰਗ ਕੀਤੀ ਹੈ।

ਪ੍ਰਤੀਨਿਧੀ ਸਭਾ ਦੇ ਮੈਂਬਰਾਂ ਨੇ 82 ਦੇ ਮੁਕਾਬਲੇ 322 ਵੋਟਾਂ ਨਾਲ ਰਾਸ਼ਟਰਪਤੀ ਦੇ ਵੀਟੋ ਨੂੰ ਬੇਅਸਰ ਕਰ ਦਿਤਾ ਹੈ। ਜੇ ਇਸ ਬਿੱਲ ਨੂੰ ਸੈਨੇਟ 'ਚ ਦੋ-ਤਿਹਾਈ ਬਹੁਮਤ ਮਿਲ ਜਾਂਦਾ ਹੈ ਤਾਂ ਇਹ ਟਰੰਪ ਦੇ ਰਾਸ਼ਟਰਪਤੀ ਰਹਿੰਦਿਆਂ ਰੱਦ ਹੋਣ ਵਾਲਾ ਪਹਿਲਾ ਬਿੱਲ ਹੋਵੇਗਾ।ਟਰੰਪ ਨੇ ਪਿਛਲੇ ਹਫ਼ਤੇ ਇਹ ਕਹਿ ਕੇ ਰੱਖਿਆ ਬਿੱਲ ਰੱਦ ਕੀਤਾ ਸੀ ਕਿ ਇਹ ਸੋਸ਼ਲ ਮੀਡੀਆ ਕੰਪਨੀਆਂ 'ਤੇ ਲਗਾਮ ਲਾਉਣ 'ਚ ਨਾਕਾਮ ਹੈ। ਰੱਖਿਆ ਬਿੱਲ 'ਨੈਸ਼ਨਲ ਡਿਫੈਂਸ ਆਥੋਰਾਈਜੇਸ਼ਨ ਐਕਟ' (ਐਨ ਡੀ ਏ ਏ) 'ਚ ਅਮਰੀਕੀ ਸੁਰੱਖਿਆ ਬਲਾਂ ਦੀ ਤਨਖਾਹ 'ਚ ਤਿੰਨ ਫੀਸਦੀ ਵਾਧਾ ਅਤੇ ਫੌਜੀ ਪ੍ਰੋਗਰਾਮਾਂ ਅਤੇ ਨਿਰਮਾਣ 'ਚ 740 ਅਰਬ ਡਾਲਰ ਤੋਂ ਵੱਧ ਦੇ ਖਰਚੇ ਦੀ ਗੱਲ ਹੈ। ਪ੍ਰਤੀਨਿਧੀ ਸਭਾ ਦੀ ਪ੍ਰਧਾਨ ਨੈਨਸੀ ਪੋਲੋਸੀ ਨੇ ਟਰੰਪ ਦੇ ਵੀਟੋ ਇਸਤੇਮਾਲ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਇਸ ਨਾਲ ਸਾਡੇ ਫੌਜੀਆਂ ਨੂੰ ਨੁਕਸਾਨ ਤੇ ਸਾਡੀ ਸੁਰੱਖਿਆ ਨੂੰ ਖਤਰਾ ਪਹੁੰਚੇਗਾ। ਸੀਨੇਟ ਦੀ ਹਥਿਆਰਬੰਦ ਸੇਵਾ ਕਮੇਟੀ ਦੇ ਪ੍ਰਧਾਨ ਜਿਮਇਨਹੌਫ ਨੇ ਕਿਹਾ ਕਿ ਇਹ ਬਿੱਲ ਦੇਸ਼ ਦੀ ਰਾਸ਼ਟਰੀ ਸੁਰੱਖਿਆ ਅਤੇ ਫੌਜੀਆਂ ਲਈ ਯਕੀਨੀ ਤੌਰ 'ਤੇ ਅਹਿਮ ਹੈ। ਸੈਨੇਟ ਦੀ ਹਥਿਆਰਬੰਦ ਸੇਵਾ ਕਮੇਟੀ ਦੇ ਮੈਂਬਰ ਅਤੇ ਡੈਮਕ੍ਰੇਟਿਕ ਨੇਤਾ ਜੈਕ ਰੀਡ ਨੇ ਟਰੰਪ ਦੇ ਉਸ ਦਾਅਵੇ ਨੂੰ ਖਾਰਜ਼ ਕੀਤਾ ਕਿ ਇਸ ਬਿੱਲ ਨਾਲ ਚੀਨ ਨੂੰ ਫਾਇਦਾ ਮਿਲੇਗਾ।

# ਪਾਕਿਸਤਾਨੀ ਸ਼ਹਿਰਾਂ 'ਚ ਚੀਨੀਆਂ ਨੂੰ ਬਲੋਚ ਨਿਸ਼ਾਨਾ ਬਣਾਉਣ ਲੱਗੇ



ਕਰਾਚੀ, 30 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸ਼ਹਿਰ ਕਰਾਚੀ 'ਚ ਪਿਛਲੇ ਦਿਨੀਂ ਚੀਨ ਦੇ ਨਾਗਰਿਕਾਂ 'ਤੇ ਜਾਨਲੇਵਾ ਹਮਲਾ ਹੋਇਆ ਅਤੇ ਗਵਾਦਰ 'ਚ ਚੀਨ-ਪਾਕਿਸਤਾਨ ਆਰਥਿਕ ਗਲੀਆਰਾ (ਸੀ ਪੀ ਈ ਸੀ) ਹੇਠ ਬਣ ਰਹੇ ਚੀਨੀ ਨੇਵਲ ਬੇਸ ਅਤੇ ਡੀਪ ਸੀ ਪੋਰਟ ਦਾ ਵਿਰੋਧ ਕਰ ਰਹੇ ਬਲੋਚ ਬਾਗੀ ਅੱਜਕੱਲ੍ਹ ਸ਼ਹਿਰਾਂ 'ਚ ਵੀ ਚੀਨੀ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਪਿੱਛੇ ਜਿਹੇਬਲੋਚਿਸਤਾਨ 'ਚ ਬਲੋਚ ਬਾਗੀਆਂ ਨੇ ਪਾਕਿਸਤਾਨ ਦੇ ਸੱਤ ਫੌਜੀਮਾਰ ਦਿੱਤੇ ਸਨ। ਇਨ੍ਹਾਂ ਘਟਨਾਵਾਂ ਨੇ ਇਮਰਾਨ ਖਾਨ ਦੀ ਅਗਵਾਈ ਵਾਲੀ ਸਰਕਾਰ ਦੀ ਚਿੰਤਾ ਵਧਾ ਦਿੱਤੀ ਹੈ।

ਬਲੋਚਾਂ ਦੇ ਵਧਦੇ ਹਮਲੇ ਦੇ ਕਾਰਨ ਇਮਰਾਨ ਸਰਕਾਰ ਗਵਾਦਰ ਪੋਸਟ ਦੇ 24 ਵਰਗ ਕਿਲੋਮੀਟਰ ਖੇਤਰ ਨੂੰ ਕੰਡਿਆਲੀ ਤਾਰ ਨਾਲ ਸੀਲ ਕਰਨ 'ਚ ਰੁਝ ਗਈ ਹੈ। ਇੱਕ ਰਿਪੋਰਟ ਮੁਤਾਬਕ ਬਲੋਚ ਬਾਗੀਆਂ ਨੇ ਰਣਨੀਤੀ ਬਦਲ ਲਈ ਅਤੇ ਸ਼ਹਿਰੀ ਇਲਾਕਿਆਂ 'ਚ ਬੈਲਟ ਐਂਡ ਰੋਡ ਪ੍ਰਾਜੈਕਟ, ਚੀਨ ਦੇ ਨਿਵੇਸ਼ ਅਤੇ ਚੀਨੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਕੱਲ੍ਹ ਕਰਾਚੀ ਦੇ ਬਾਹਰੀ ਇਲਾਕੇ 'ਚ ਇੱਕ ਕਾਰ ਸ਼ੋਅਰੂਮ ਵਿੱਚ ਇੱਕ ਚੀਨੀ ਨਾਗਰਿਕ ਤੇ ਉਸਦੇ ਸਹਿਯੋਗੀ ਉਤੇ ਜਾਨਲੇਵਾ ਹਮਲਾ ਹੋਇਆ ਸੀ। ਇਸ ਹਮਲੇ 'ਚ ਉਹ ਵਾਲ-ਵਾਲ ਬਚੇ ਸਨ। ਇੱਕ ਹਫ਼ਤਾ ਪਹਿਲਾਂ ਚੀਨੀ ਨਾਗਰਿਕਾਂ ਦੀਇੱਕ ਹੋਰ ਕਾਰ ਨੂੰ ਕਰਾਚੀ ਦੇ ਪੌਸ਼ ਕਲਫਟਨ ਇਲਾਕੇ 'ਚ ਰੈਸਟੋਰੈਂਟ ਦੇ ਬਾਹਰ ਧਮਾਕੇ ਨਾਲ ਉਡਾ ਦਿੱਤਾ ਗਿਆ ਸੀ। ਇਨ੍ਹਾਂ ਦੋਨਾਂ ਹਮਲਿਆਂ ਦੀ ਜ਼ਿੰਮੇਵਾਰੀ ਸਿੰਧੂ ਦੇਸ਼ ਰਿਵੋਲਿਊਸ਼ਨਰੀ ਆਰਮੀ ਨੇ ਲਈ ਸੀ।ਸਿੰਧੂਦੇਸ਼ ਰਿਵੋਲਿਊਸ਼ਨਰੀ ਆਰਮੀ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਚੀਨ ਅਤੇ ਪਾਕਿਸਤਾਨ ਜਬਰਦਸਤੀ ਚੀਨ-ਪਾਕਿਸਤਾਨ ਆਰਥਿਕ ਗਲੀਆਰੇ ਦੇ ਤਹਿਤ ਜ਼ਮੀਨਾਂ 'ਤੇ ਕਬਜ਼ਾ ਕਰ ਰਹੇ ਹਨ। ਅਸੀਂ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਲਈ ਹਮਲੇ ਕਰਦੇ ਰਹਾਂਗੇ। ਚੀਨ ਸੀ ਪੀ ਈ ਸੀ ਦੇ ਤਹਿਤ ਪਾਕਿਸਤਾਨ 'ਚ 150 ਅਰਬ ਡਾਲਰ ਦਾ ਨਿਵੇਸ਼ ਕਰ ਰਿਹਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202













jobs! jobs! jobs! jobs! jobs!

DUNDAS·JAFINE

## HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com




## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੈਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654




ਫੌਨਾਂ ਦੇ ਸਸਤੇ ਪਲਾਨ ਗਾਂਰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਏ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



